Excellence in Agri Info
KHETI DUNIYAN, PATIALA

Rs.10/-
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

All Subject to Patiala Jurisdiction.
www.khetiduniyan.in

Editor : Jagpreet Singh • RNI/PUNPUN00806 • Issue Dated 16-11-2024 • Vol.42 No.46 • Ph. : 0175-2214575, 90410-14575 • Page : 16 E-mail : khetiduniyan1983@gmail.com



# ਕਣਕ ਵਿੱਚ ਸਮੇਂ ਸਿਰ ਕਰੋ ਨਦੀਨਾਂ ਦੀ ਰੋਕਥਾਮ

**ਜਸਵੀਰ ਸਿੰਘ ਗਿੱਲ, ਮਨਪ੍ਰੀਤ ਸਿੰਘ ਅਤੇ ਅਮਿਤ ਕੌਲ,**
ਫਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ.79861-88110)

ਨਦੀਨਾਂ ਦੀ ਰੋਕਥਾਮ ਕਰਨ ਲਈ ਦੋ ਗੋਡੀਆਂ, ਪਹਿਲੀ ਗੋਡੀ, ਕਣਕ ਨੂੰ ਪਹਿਲਾ ਪਾਣੀ ਲਾਉਣ ਤੋਂ ਪਹਿਲਾਂ ਅਤੇ ਦੂਜੀ ਗੋਡੀ ਖੇਤ ਵੱਤਰ ਆਉਣ ਤੇ ਕਰੋ । ਗੋਡੀ ਲਈ ਖੁਰਪਾ, ਕਸੌਲਾ, ਸੁਧਰੀ ਹੋਈ ਤ੍ਰਿਫਾਲੀ (ਵੀਲ੍ਹ ਹੈਂਡ ਹੋਅ) ਵਰਤੋ । ਇਸ ਦੇ ਬਦਲ ਵਿਚ ਹੇਠ ਲਿਖੇ ਤਰੀਕਿਆਂ ਨਾਲ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ :

**ਘਾਹ ਵਾਲੇ ਨਦੀਨਾਂ ਦੀ ਰੋਕਥਾਮ**

**ਗੁੱਲੀ ਡੰਡੇ/ਸਿੱਟੇ ਦੀ ਰੋਕਥਾਮ :**



**ੳ) ਕਾਸ਼ਤਕਾਰੀ ਢੰਗਾਂ ਨਾਲ** : ਕਣਕ ਦੀਆਂ ਛੇਤੀ ਵੱਧਣ ਵਾਲੀਆਂ ਕਿਸਮਾਂ ਦੀ ਬਿਜਾਈ 6 ਇੰਚ (15 ਸੈਂਟੀਮੀਟਰ) ਦੂਰੀ ਦੀਆਂ ਕਤਾਰਾਂ ਵਿਚ ਅਕਤੂਬਰ ਦੇ ਅਖੀਰਲੇ ਜਾਂ ਨਵੰਬਰ ਦੇ ਪਹਿਲੇ ਹਫਤੇ ਕਰੋ । ਕਣਕ ਦੀ ਥਾਂ ਤੇ ਬਰਸੀਮ, ਆਲੂ, ਰਾਇਆ, ਗੋਭੀ ਸਰ੍ਹੋਂ ਆਦਿ ਬੀਜਣ ਨਾਲ ਵੀ ਗੁੱਲੀ ਡੰਡੇਦੀ ਸਮੱਸਿਆ ਖਤਮ ਕੀਤੀ/ਘਟਾਈ ਜਾ ਸਕਦੀ ਹੈ । ਜੇਕਰ ਕਣਕ ਦੀ ਬਿਜਾਈ ਸਮੇਂ ਮਿੱਟੀ ਦੀ ਤਹਿ ਸੁਕਾ ਦਿੱਤੀ ਜਾਵੇ ਤਾਂ ਵੀ ਗੁੱਲੀ ਡੰਡੇ ਦੇ ਪਹਿਲੇ ਲੌਅ ਨੂੰ ਕਾਬੂ ਕੀਤਾ ਜਾ ਸਕਦਾ ਹੈ ।

**ਅ) ਨਦੀਨਾਂ ਨਾਸ਼ਕਾਂ ਦੀ ਵਰਤੋਂ ਨਾਲ** : ਨਦੀਨਾਂ ਨਾਸ਼ਕਾਂ ਦੀ ਵਰਤੋਂ ਬਿਜਾਈ ਤੋਂ ਦਿਨਾਂ ਦੇ ਅੰਦਰ ਜਾਂ ਪਹਿਲੇ ਪਾਣੀ ਤੋਂ ਪਹਿਲਾਂ ਜਾਂ ਬਾਅਦ ਵਿਚ ਕੀਤੀ ਜਾ ਸਕਦੀ ਹੈ ।

| ਬਰਾਂਡ (ਨਦੀਨ ਨਾਸ਼ਕ) | ਮਾਤਰਾ ਪ੍ਰਤੀ ਏਕੜ | ਛਿੜਕਾਅ ਦਾ ਸਮਾਂ ਅਤੇ ਪਾਣੀ ਦੀ ਮਾਤਰਾ |
|---|---|---|
| **(ੳ) ਬਿਜਾਈ ਸਮੇਂ (ਨਦੀਨ ਉੱਗਣ ਤੋਂ ਪਹਿਲਾਂ)** | | |
| ਸਟੌਂਪ/ਦੋਸਤ/ਮਾਰਕਪੈਂਡੀ/ਪੈਂਡਾ/ਪੈਡਿਨ/ਬੰਕਰ/ਜ਼ਾਕੀਯਾਮਾਂ 30 ਈ ਸੀ (ਪੈਂਡੀਮੈਥਾਲਿਨ) | 1.5 ਲਿਟਰ | ਹੈਪੀ ਸੀਡਰ ਨਾਲ ਬਿਜਾਈ ਕਰਨ ਤੋਂ ਪਹਿਲਾਂ ਇਹਨਾਂ ਨਦੀਨਨਾਸ਼ਕਾਂ ਵਿੱਚੋਂ ਕਿਸੇ ਇੱਕ ਨੂੰ ਯੂਰੀਆ ਵਿਚ ਮਿਲਾ ਕੇ ਛੱਟਾ ਦਿਓ । |
| ਅਵਕੀਰਾ/ਮੋਮੀਜੀ 85 ਡਬਲਯੂ ਜੀ(ਪਾਈਰੌਕਸਾਸਲਫੋਨ) | 60 ਗ੍ਰਾਮ | |
| ਪਲੈਟਫਾਰਮ 385 ਐਸ ਈ (ਪੈਂਡੀਮੈਥਾਲਿਨ+ਮੈਟਰੀ ਬਿਊਜ਼ਿਨ) ਇਹ ਨਦੀਨ ਨਾਸ਼ਕ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਵੀ ਰੋਕਥਾਮ ਕਰਦੀ ਹੈ । | 1.0 ਲਿਟਰ | ਜੇਕਰ ਬਿਜਾਈ ਹੈਪੀ ਸੀਡਰ ਤੋਂ ਇਲਾਵਾ ਕਿਸੇ ਹੋਰ ਢੰਗ ਨਾਲ ਕੀਤੀ ਹੋਵੇ ਤਾਂ ਕਿਸੇ ਇੱਕ ਨਦੀਨਨਾਸ਼ਕ ਦਾ ਛਿੜਕਾਅ ਬਿਜਾਈ ਤੋਂ 2 ਦਿਨਾਂ ਦੇ ਅੰਦਰ 200 ਲਿਟਰ ਪਾਣੀ ਵਰਤ ਕੇ ਕਰੋ । |
| ਦਕਸ਼ ਪਲੱਸ 48 ਈ ਸੀ (ਪੈਂਡੀਮੈਥਾਲਿਨ+ਮੈਟਰੀ ਬਿਊਜ਼ਿਨ) ਇਹ ਨਦੀਨ ਨਾਸ਼ਕ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਵੀ ਰੋਕਥਾਮ ਕਰਦੀ ਹੈ । | 900 ਮਿਲੀਲੀਟਰ | |
| ਬਿਜਾਈ ਸਮੇਂ ਵਰਤਣ ਵਾਲੇ ਨਦੀਨ ਨਾਸ਼ਕਾਂ ਲਈ ਜ਼ਮੀਨ ਵਿਚ ਕਾਫੀ ਨਮੀਂ/ਵੱਤਰ ਦਾ ਹੋਣਾ ਬਹੁਤ ਜ਼ਰੂਰੀ ਹੈ<br>ਬਿਜਾਈ ਸਮੇਂ ਨਦੀਨ ਨਾਸ਼ਕਾਂ ਦੇ ਛਿੜਕਾਅ ਲਈ ਲੱਕੀ ਸੀਡ ਡਰਿੱਲ ਵਰਤੋ । | | |
| **(ਅ) ਪਹਿਲੀ ਸਿੰਚਾਈ ਤੋਂ ਪਹਿਲਾਂ (ਨਦੀਨ ਉੱਗਣ ਤੋਂ ਬਾਅਦ)** | | |
| ਐਰੀਲੋਨ/ਡੈਲਰੋਨ/ਹਿਲਪਰੋਟਯੂਰਾਨ/ਰੌਨਕ/ਵੰਡਰ/ਨੋਸੀਲੋਨ/ਮਿਲਰੋਨ/ਐਗਰੀਲੋਨ/ਟੋਟਾਲੋਨ/ਕੇਅਰਲੋਨ/ਮਾਰਕਲੋਨ/ਜੇ-ਪ੍ਰੋਟਯੂਰੋਨ/ਆਈਸੋਗਾਰਡ/ਧਾਰ/ਰਕਸ਼ਕ/ਪਰੋਲ/ਕਨਕ/ਆਈਸੋਟੌਕਸ/ਆਈਸੋਹਿਟ/ਸਿਲਯੂਰੋਨ/ਆਈਸੋਸਿਨ/ਸ਼ਿਵਰੋਨ 75ਡਬਲਯੂ ਪੀ (ਆਈਸੋਪ੍ਰੋਟਯੂਰਾਨ) ਗਰੁੱਪ ਦੇ ਰਸਇਣਾਂ ਦੀ ਵਰਤੋਂ ਨਾਲ ਗੁੱਲੀ ਡੰਡਾ ਨਾ ਮਰਦਾ ਹੋਵੇ ਉਥੇ ਇਸ ਰਸਾਇਣ ਦੀ ਵਰਤੋਂ ਨਾ ਕੀਤੀ ਜਾਵੇ । | ਹਲਕੀਆਂ ਜ਼ਮੀਨਾਂ ਵਿਚ 300 ਗ੍ਰਾਮ, ਦਰਮਿਆਨੀਆਂ ਜ਼ਮੀਨਾਂ ਵਿਚ 400 ਗ੍ਰਾਮ ਅਤੇ ਭਾਰੀਆਂ ਜ਼ਮੀਨਾਂ ਵਿਚ 500 ਗ੍ਰਾਮ | ਪਹਿਲੀ ਸਿੰਚਾਈ ਤੋਂ 2 ਤੋਂ 3 ਦਿਨ ਪਹਿਲਾਂ 20 ਦਿਨਾਂ ਦੀ ਫਸਲ ਵਿਚ ਜਦੋਂ ਨਦੀਨ 2-3 ਪੱਤਿਆਂ ਦੀ ਅਵਸਥਾ ਵਿਚ ਹੋਵੇ, 150 ਲਿਟਰ ਪਾਣੀ ਵਰਤ ਕੇ । |
| ਲੀਡਰ/ਐਸ-10/ਸਫਲ ਮਾਰਕਸਲਫੋ 75 ਡਬਲਯੂ ਜੀ (ਸਲਫੋਸਨਫੂਰਾਨ*) ਜਿਨ੍ਹਾਂ ਖੇਤਾਂ ਵਿਚ ਕਣਕ ਦੇ ਨਾਲ ਸਰ੍ਹੋਂ/ਰਾਇਆ/ਛੋਲੇ ਜਾਂ ਕੋਈ ਹੋਰ ਚੌੜੀ ਪੱਤੀ ਵਾਲੀ ਫਸਲ ਰਲਾ ਕੇ ਬੀਜੀ ਹੋਵੇ, ਉੱਥੇ ਇਸ ਰਸਾਇਣ ਦੀ ਵਰਤੋਂ ਨਾ ਕਰੋ ।<br>ਇਹਨਾਂ ਖੇਤਾਂ ਵਿਚ ਸਾਉਣੀ ਸਮੇਂ ਚਰ੍ਹੀ (ਜਵਾਰ) ਅਤੇ ਮੱਕੀ ਨਾ ਬੀਜੋ । | 13 ਗ੍ਰਾਮ | |
| **(ੲ) ਪਹਿਲੀ ਸਿੰਚਾਈ ਤੋਂ ਬਾਅਦ (ਨਦੀਨ ਉੱਗਣ ਤੋਂ ਬਾਅਦ)** | | |
| ਆਈਸੋਪ੍ਰੋਟੋਯੂਰਾਨ 75 ਡਬਲਯੂ ਪੀ (ਉਪਰੋਕਤ 'ਅ' ਵਿਚ ਦੱਸੇ ਸਾਰੇ ਆਈਸੋਪ੍ਰੋਟੋਯੂਰਾਨ ਦੇ ਬਰਾਂਡ) | 500 ਗ੍ਰਾਮ ਸਾਰੀਆਂ ਜ਼ਮੀਨਾਂ ਲਈ | ਬਿਜਾਈ ਤੋਂ 30-35 ਦਿਨਾਂ ਅੰਦਰ 150 ਲਿਟਰ ਪਾਣੀ ਵਰਤ ਕੇ । |
| ਟੌਪਿਕ/ਪੁਆਇੰਟ/ਮੌਲਾਹ/ਰਕਸ਼ਕ ਪਲੱਸ/ਜੈ ਵਿਜੈ/ਟੌਪਲ/ਮਾਰਕਕਲੋਡੀਨਾ/ਕੋਲੰਬਸ 15 ਡਬਲਯੂ ਪੀ (ਕਲੋਡੀਨਾਫੋਪ) | 160 ਗ੍ਰਾਮ | |
| ਐਕਸੀਅਲ 5 ਈ ਸੀ(ਪਿਨੋਕਸਾਡਿਨ*) | 400 ਮਿਲੀਲਿਟਰ | |
| ਪਿਊਮਾ ਪਾਵਰ 10 ਈ ਸੀ (ਫਿਨੋਕਸਾਪ੍ਰੋਪ-ਪੀ-ਈਥਾਈਲ) | 400 ਮਿਲੀਲਿਟਰ | |
| ਲੀਡਰ/ਐਸ ਐਫ-10/ਸਫਲ/ਮਾਰਕਸਲਫੋ 75 75 ਡਬਲਯੂ ਜੀ (ਸਲਫੋਸਨਫੂਰਾਨ*) ਜਿਨ੍ਹਾਂ ਖੇਤਾਂ ਵਿਚ ਕਣਕ ਦੇ ਨਾਲ ਸਰ੍ਹੋਂ/ਰਾਇਆ/ਛੋਲੇ ਜਾਂ ਕੋਈ ਹੋਰ ਚੌੜੀ ਪੱਤੀ ਵਾਲੀ ਫਸਲ ਰਲਾ ਕੇ ਬੀਜੀ ਹੋਵੇ, ਉੱਥੇ ਇਸ ਰਸਾਇਣ ਦੀ ਵਰਤੋਂ ਨਾ ਕਰੋ । ਇਹਨਾਂ ਖੇਤਾਂ ਖੇਤਾਂ ਵਿਚ ਸਾਉਣੀ ਸਮੇਂ ਚਰ੍ਹੀ (ਜਵਾਰ) ਅਤੇ ਮੱਕੀ ਨਾ ਬੀਜੋ । | 13 ਗ੍ਰਾਮ | |

# ਮਟਰ ਦੀ ਫਸਲ ਵਿੱਚ ਨਦੀਨਾਂ ਅਤੇ ਬਿਮਾਰੀਆਂ ਦੀ ਰੋਕਥਾਮ

ਅਮਨਦੀਪ ਕੌਰ ਅਤੇ ਗੁਰਬੀਰ ਕੌਰ, ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ, ਖੇੜੀ, ਸੰਗਰੂਰ (ਮੋ. 78892-94391)

## ਨਦੀਨਾਂ ਦੀ ਰੋਕਥਾਮ

ਬੀਜ ਉੱਗਣ ਤੋਂ 4 ਅਤੇ 8 ਹਫਤਿਆਂ ਪਿਛੋਂ ਗੋਡੀ ਕਰਕੇ ਖੇਤ ਨੂੰ ਨਦੀਨਾਂ ਤੋਂ ਮੁਕਤ ਰੱਖੋ । ਬਿਜਾਈ ਤੋਂ 2 ਦਿਨਾਂ ਦੇ ਅੰਦਰ ਸਟੌਂਪ 30 ਈ ਸੀ (ਪੈਂਡੀਮੈਥਾਲਿਨ) 1.0 ਲੀਟਰ ਪ੍ਰਤੀ ਏਕੜ ਨੂੰ 150-200 ਲੀਟਰ ਪਾਣੀ ਵਿਚ ਘੋਲ ਕੇ ਸਪਰੇਅ ਕਰੋ । ਨਦੀਨਨਾਸ਼ਕ ਦੇ ਛਿੜਕਾਅ ਲਈ ਫਲੱਡ ਜੈੱਟ (ਕੱਟ) ਨੋਜ਼ਲ ਦੀ ਵਰਤੋਂ ਕਰੋ । ਫਸਲ ਤੋਂ ਚੰਗਾ ਝਾੜ ਲੈਣ ਲਈ ਨਦੀਨਨਾਸ਼ਕ ਦੀ ਸਿਫਾਰਸ਼ ਕੀਤੀ ਮਾਤਰਾ ਦੀ ਵਰਤੋਂ ।

## ਮਟਰ ਦੀਆਂ ਮੁੱਖ ਬਿਮਾਰੀਆਂ ਦੀ ਰੋਕਥਾਮ

★ **ਜੜ੍ਹਾਂ ਦਾ ਗਾਲਾ ਅਤੇ ਸੋਕਾ** : ਇਹ ਬਿਮਾਰੀ ਮੁੱਖ ਤੌਰ ਤੇ ਬੂਟੇ ਦੇ ਜ਼ਮੀਨ ਹੇਠਲੇ ਹਿੱਸਿਆਂ ਤੇ ਆਉਂਦੀ ਹੈ ਜਾਂ ਤਣੇ ਦੇ ਜ਼ਮੀਨ ਨਾਲ ਲੱਗਦੇ ਹਿੱਸੇ ਤੇ ਲਾਲ ਭੂਰੇ ਹੇਠਾਂ ਨੂੰ ਧੱਸੇ ਹੋਏ ਚਟਾਖ ਪੈ ਜਾਂਦੇ ਹਨ । ਬੂਟੇ ਪੀਲੇ ਪੈ ਕੇ ਬਾਅਦ ਵਿਚ ਸੁੱਕ ਜਾਂਦੇ ਹਨ । ਅਗੇਤੀ ਬੀਜੀ ਫਸਲ ਵਿਚ ਉਚੇ ਤਾਪਮਾਨ ਕਰਕੇ ਬਿਮਾਰੀ ਜ਼ਿਆਦਾ ਆਉਂਦੀ ਹੈ । ਬਿਮਾਰੀ ਦੀਆਂ ਉੱਲੀਆਂ ਜ਼ਮੀਨ ਵਿਚ ਜੀਵਿਤ ਰਹਿੰਦੀਆਂ ਹਨ । ਬਿਮਾਰੀ ਵਾਲੇ ਖੇਤਾਂ ਵਿਚ ਫਸਲ ਅਗੇਤੀ ਨਾ ਬੀਜੋ । ਬੀਜ ਨੂੰ ਬੀਜਣ ਤੋਂ ਪਹਿਲਾਂ ਸੂਡੋਮੋਨਸ ਫਲੋਰੇਸੈਂਸ ਫਾਰਮੂਲੇਸ਼ਨ 15 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧੋ । ਅਗੇਤੀ ਫਸਲ ਲਈ ਸਿਫਾਰਸ਼ ਕੀਤੀਆਂ ਕਿਸਮਾਂ ਬੀਜੋ ।

★ **ਚਿੱਟੋਂ** : ਬਿਮਾਰੀ ਆਮ ਤੌਰ ਤੇ ਜਨਵਰੀ ਦੇ ਅੱਧ ਵਿਚ ਸ਼ੁਰੂ ਹੁੰਦੀ ਹੈ ਅਤੇ ਮੌਸਮ ਗਰਮ ਹੋਣ ਨਾਲ ਵੱਧਦੀ ਰਹਿੰਦੀ ਹੈ । ਅਗੇਤੀ ਬੀਜੀ ਫਸਲ ਇਸ ਦੇ ਹਮਲੇ ਤੋਂ ਬਚ ਜਾਂਦੀ ਹੈ । ਬਿਮਾਰੀ ਤੋਂ ਪਹਿਲਾਂ ਪੱਤਿਆਂ ਤੇ ਆਉਂਦੀ ਹੈ ਅਤੇ ਫੇਰ ਦੂਜੇ ਹਰੇ ਭਾਗਾਂ ਅਤੇ ਫਲੀਆਂ ਤੇ ਚਲੀ ਜਾਂਦੀ ਹੈ । ਪੱਤੇ ਦੇ ਦੋਵੇਂ ਪਾਸੇ, ਤਣੇ ਅਤੇ ਫਲੀਆਂ ਉੱਤੇ ਚਿੱਟੇ ਰੰਗ ਦਾ ਧੂੜਾ ਜੰਮ ਜਾਂਦਾ ਹੈ ਅਤੇ ਇਥੋਂ ਧੂੜਾ ਬੂਟੇ ਦੇ ਆਸੇ-ਪਾਸੇ ਵਾਲੇ ਪੱਤਿਆਂ, ਤਣੇ ਅਤੇ ਫਲੀਆਂ ਉੱਤੇ ਫੈਲ ਜਾਂਦਾ ਹੈ । ਜ਼ਿਆਦਾ ਹਮਲੇ ਦੀ ਸੂਰਤ ਵਿਚ ਬੂਟੇ ਦੇ ਸਾਰੇ ਹਿੱਸਿਆਂ ਤੇ ਚਿੱਟੇ ਰੰਗ ਦਾ ਧੂੜਾ ਦਿਖਾਈ ਦਿੰਦਾ ਹੈ । ਬਿਮਾਰ ਫਲੀਆਂ ਦੀ ਮਿਠਾਸ ਘੱਟ ਜਾਂਦੀ ਹੈ ਅਤੇ ਬੀਜ ਸੁੰਗੜ ਜਾਂਦੇ ਹਨ । ਖੇਤਾਂ ਨੂੰ ਫਸਲੀ ਰਹਿੰਦ-ਖੂੰਹਦ ਤੋਂ ਸਾਫ ਰੱਖੋ । ਅਗੇਤੀਆਂ ਕਿਸਮਾਂ ਦੀ ਕਾਸ਼ਤ ਕਰੋ । ਫਸਲ ਤੇ 600 ਗ੍ਰਾਮ ਸਲਫੈਕਸ ਪ੍ਰਤੀ ਏਕੜ 200 ਲਿ: ਪਾਣੀ ਵਿਚ ਘੋਲ ਕੇ ਜਨਵਰੀ ਦੇ ਅੰਤ ਜਾਂ ਫਰਵਰੀ ਦੇ ਪਹਿਲੇ ਹਫਤੇ ਸ਼ੁਰੂ ਕਰਕੇ 10-10 ਦਿਨਾਂ ਦੇ ਵਕਫੇ ਤੇ 2-3 ਛਿੜਕਾਅ ਕਰੋ ।

★ **ਕੁੰਗੀ (ਰਸਟ)** : ਮਟਰਾਂ ਦੀ ਕੁੰਗੀ ਪੰਜਾਬ ਦੇ ਉੱਤਰ-ਪੂਰਬੀ ਜ਼ਿਲ੍ਹਿਆਂ ਵਿਚ ਖਾਸ ਕਰਕੇ ਦਸੰਬਰ-ਜਨਵਰੀ ਵਿਚ ਫਸਲ ਦਾ ਬਹੁਤ ਨੁਕਸਾਨ ਕਰਦੀ ਹੈ । ਸਿੱਲ੍ਹੇ ਮੌਸਮ ਵਿਚ ਬਿਮਾਰੀ ਗੰਭੀਰ ਰੂਪ ਧਾਰਨ ਕਰ ਲੈਂਦੀ ਹੈ ਅਤੇ ਸਾਰੇ ਦਾ ਸਾਰਾ ਬੂਟਾ ਮਰ ਜਾਂਦਾ ਹੈ । ਬਿਮਾਰੀ ਨਾਲ ਪੱਤਿਆਂ ਦੇ ਹੇਠਲੇ ਪਾਸੇ ਪੀਲੇ ਤੋਂ ਲਾਲ ਭੂਰੇ ਉੱਭਰੇ ਹੋਏ ਧੱਬੇ ਪੈ ਜਾਂਦੇ ਹਨ । ਇਹ ਧੱਬੇ ਬੂਟੇ ਦੇ ਤਣੇ, ਤੰਦਾਂ, ਫਲੀਆਂ ਦੀਆਂ ਡੰਡੀਆਂ ਅਤੇ ਫਲੀਆਂ ਉੱਤੇ ਪੈ ਜਾਂਦੇ ਹਨ । ਗਰਮੀ ਵਿਚ ਇਹ ਧੱਬੇ ਕਾਲੇ ਰੰਗ ਵਿਚ ਬਦਲ ਜਾਂਦੇ ਹਨ ਅਤੇ ਕਾਲਾ ਪਾਊਡਰ ਬੂਟੇ ਦੀ ਉੱਪਰਲੀ ਛਿੱਲ ਹੇਠ ਢਕਿਆ ਹੁੰਦਾ ਹੈ, ਜਿਹੜੀ ਬਾਅਦ ਵਿਚ ਪਾਟ ਜਾਂਦੀ ਹੈ ਅਤੇ ਕਾਲਾ



ਪਾਊਡਰ ਦਿਖਾਈ ਦਿੰਦਾ ਹੈ । ਦਸੰਬਰ ਦੇ ਅਖੀਰ ਵਿਚ ਫਸਲ ਉੱਤੇ 400 ਗ੍ਰਾਮ ਇੰਡੋਫਿਲ ਐਮ 45 ਨੂੰ 200 ਲਿਟਰ ਪਾਣੀ ਮਿਲਾ ਕੇ ਪ੍ਰਤੀ ਏਕੜ ਛਿੜਕਾਅ ਕਰੋ । 10 ਦਿਨਾਂ ਦੇ ਵਕਫੇ ਤੇ 3 ਹੋਰ ਛਿੜਕਾਅ ਕਰੋ । ਬਿਮਾਰੀ ਵਾਲੀ ਰਹਿੰਦ-ਖੂੰਹਦ ਨਸ਼ਟ ਕਰੋ ਅਤੇ ਖੇਤ ਨੂੰ ਮਟਰੀ ਤੇਰੇਵਾੜੀ ਵਰਗੇ ਨਦੀਨਾਂ ਤੋਂ ਮੁਕਤ ਰੱਖੋ । ਫਸਲਾਂ ਦੀ ਅਦਲਾ-ਬਦਲੀ ਵਿੱਚ ਦਾਲਾਂ ਵਾਲੀਆਂ ਫਸਲਾਂ ਤੋਂ ਬਿਨ੍ਹਾਂ ਦੂਜੀਆਂ ਅਪਣਾਓ । ਜੇ ਚਿੱਟੋਂ ਅਤੇ ਕੁੰਗੀ ਇਕੱਠੀਆਂ ਆ ਜਾਣ ਤਾਂ ਇੰਡੋਫਿਲ ਐਮ 45 ਤੇ ਸਲਫੈਕਸ ਰਲਾ ਕੇ ਛਿੜਕੋ ।

★ **ਝੁਲਸ ਰੋਗ ਅਤੇ ਫਲੀ ਦਾ ਗਾਲਾ** : ਅਗੇਤੀ ਫਸਲ ਉੱਤੇ ਇਹ ਬਿਮਾਰੀ ਜ਼ਿਆਦਾ ਆਉਂਦੀ ਹੈ । ਇਸ ਬਿਮਾਰੀ ਨਾਲ ਪੱਤਿਆਂ ਉੱਤੇ ਭੂਰੇ ਕਿਨਾਰਿਆਂ ਵਾਲੇ ਤਾਂਬੇ ਰੰਗੇ ਧੱਬੇ ਪੈ ਜਾਂਦੇ ਹਨ । ਇਹ ਧੱਬੇ ਪਹਿਲਾਂ ਛੋਟੇ-ਛੋਟੇ ਹੁੰਦੇ ਹਨ ਅਤੇ ਬਾਅਦ ਵਿਚ ਵੱਡੇ ਹੋ ਕੇ ਭੂਰੇ ਤੇ ਕਾਲੇ ਰੰਗ ਵਿਚ ਬਦਲ ਜਾਂਦੇ ਹਨ, ਜਿਨ੍ਹਾਂ ਦੇ ਕੰਢੇ ਸਾਫ ਦਿਖਾਈ ਦਿੰਦੇ ਹਨ । ਬਿਮਾਰੀ ਵਾਲੇ ਪੱਤੇ ਸੁੱਕ ਕੇ ਬੂਟੇ ਤੇ ਨਾਲ ਲਟਕਦੇ ਰਹਿੰਦੇ ਹਨ । ਬਿਮਾਰੀ ਹੇਠਲੇ ਪੱਤਿਆਂ ਤੋਂ ਸ਼ੁਰੂ ਹੋ ਕੇ ਉਪਰਲੇ ਪੱਤਿਆਂ ਤੱਕ ਚਲੀ ਜਾਂਦੀ ਹੈ । ਤਣੇ ਉੱਤੇ ਭੂਰੇ ਤੋਂ ਕਾਲੇ ਧੱਬੇ ਪੈ ਜਾਂਦੇ ਹਨ । ਫਲੀਆਂ ਉੱਤੇ ਧੱਬੇ ਤਾਂਬੇ ਰੰਗੇ ਗੋਲ ਅਤੇ ਅੰਦਰ ਨੂੰ ਧੱਸੇ ਹੋਏ ਕਾਲੇ ਭੂਰੇ ਕੰਢਿਆਂ ਵਾਲੇ ਹੁੰਦੇ ਹਨ । ਇਨ੍ਹਾਂ ਧੱਬਿਆਂ ਉੱਤੇ ਕਾਲੇ ਰੰਗ ਦੇ ਬਰੀਕ ਟਿਮਕਣੇ ਵੇਖੇ ਜਾ ਸਕਦੇ ਹਨ । ਬਿਮਾਰੀ ਵਾਲੀ ਉੱਲੀ ਬੀਜ ਅਤੇ ਪੌਦਿਆਂ ਦੀ ਰਹਿੰਦ-ਖੂੰਹਦ ਨੂੰ ਨਸ਼ਟ ਕਰੋ । ਬੀਜ ਵਾਲੀ ਫਸਲ ਉੱਥੇ ਪੈਦਾ ਕਰੋ, ਜਿੱਥੇ ਮੀਂਹ ਘੱਟ ਪੈਂਦੇ ਹੋਣ ।

# ਕਣਕ ਵਿੱਚ ਫਾਸਫੋਰਸ ਖਾਦਾਂ ਦੀ ਸੁਚੱਜੀ ਵਰਤੋਂ ਦੇ ਨੁਕਤੇ




ਜਗਦੀਪ ਸਿੰਘ, ਗੋਬਿੰਦਰ ਸਿੰਘ ਅਤੇ ਧਨਵਿੰਦਰ ਸਿੰਘ, ਭੂਮੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98142-67668)

ਫਾਸਫੋਰਸ ਪੌਦਿਆਂ ਲਈ ਇਕ ਜ਼ਰੂਰੀ ਤੱਤ ਹੈ ਅਤੇ ਇਸਦੀ ਪੌਦਿਆਂ ਨੂੰ ਕਾਫੀ ਮਾਤਰਾ ਵਿੱਚ ਲੋੜ ਹੁੰਦੀ ਹੈ। ਇਸ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ ਪੌਦਿਆਂ ਦਾ ਤਣਾ ਅਤੇ ਜੜ੍ਹਾਂ ਕਮਜ਼ੋਰ ਰਹਿ ਜਾਂਦੀਆਂ ਹਨ। ਲੋੜੀਂਆਂ ਫਾਸਫੋਰਸ ਪੌਦਿਆਂ ਵਿਚ ਪ੍ਰਕਾਸ਼ ਸ਼ੰਸ਼ਲੇਸ਼ਣ, ਨਿਸਾਰਾ ਅਤੇ ਪਰਾਲ ਵਧਾਉਂਦੀ ਹੈ। ਫਾਸਫੋਰਸ ਜਿੱਥੇ ਜ਼ਰੂਰੀ ਤੱਤ ਹੈ ਉੱਥੇ ਮਹਿੰਗਾ ਤੱਤ ਵੀ ਹੈ, ਜਿਸ ਦੀ ਬੇਲੋੜੀ ਵਰਤੋਂ ਨਾਲ ਖੇਤੀ ਖਰਚ ਵਧੇ ਹਨ, ਅਤੇ ਨਾਲ ਹੀ ਹੋਰ ਖੁਰਾਕੀ ਤੱਤ ਜਿਵੇਂ ਕਿ ਜ਼ਿੰਕ ਦੀ ਘਾਟ ਵੀ ਫਸਲ ਤੇ ਆ ਜਾਂਦੀ ਹੈ। ਇਸ ਲਈ ਫਾਸਫੋਰਸ ਤੱਤ ਦੀ ਸੁਚੱਜੀ ਵਰਤੋਂ ਬਹੁਤ ਜ਼ਰੂਰੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਹੇਠ ਲਿਖੇ ਤਰੀਕਿਆਂ ਨਾਲ ਕਣਕ ਵਿਚ ਫਾਸਫੋਰਸ ਖਾਦਾਂ ਦੀ ਸੁਚੱਜੀ ਵਰਤੋਂ ਕੀਤੀ ਜਾ ਸਕਦੀ ਹੈ।

ਵਧੀਆ ਝਾੜ ਲੈਣ ਲਈ ਅਤੇ ਜ਼ਮੀਨ ਦੀ ਸਿਹਤ ਨੂੰ ਬਰਕਰਾਰ ਰੱਖਣ ਵਾਸਤੇ ਹੇਠ ਦੱਸੇ ਅਨੁਸਾਰ ਜੈਵਿਕ, ਜੀਵਾਣੂੰ ਅਤੇ ਰਸਾਇਣਕ ਖਾਦਾਂ ਦੇ ਸੁਮੇਲ ਦੀ ਵਰਤੋਂ ਕਰੋ।

★ **ਰਸਾਇਣਕ ਖਾਦਾਂ** : ਰਸਾਇਣਕ ਖਾਦਾਂ ਦੀ ਵਰਤੋਂ ਮਿੱਟੀ ਪਰਖ ਆਧਾਰ ਤੇ ਕਰੋ। ਜੇ ਮਿੱਟੀ ਦੀ ਪਰਖ ਨਹੀਂ ਕਰਵਾਈ ਤਾਂ ਦਰਮਿਆਨੀ ਉਪਜਾਊ ਸ਼ਕਤੀ ਵਾਲੀ ਜ਼ਮੀਨ ਲਈ 25 ਕਿਲੋ ਫਾਸਫੋਰਸ ਤੱਤ ਪਾਓ। ਇਹ ਤੱਤ ਡੀ ਏ ਪੀ, ਸਿੰਗਲ ਸੁਪਰਫਾਸਫੇਟ, ਟ੍ਰਿਪਲ ਸੁਪਰਫਾਸਫੇਟ, ਐਨ ਪੀ ਕੇ (12:32:16) ਆਦਿ ਖਾਦਾਂ ਵਿੱਚੋਂ ਮਿਲ ਸਕਦਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਭੂਮੀ ਵਿਗਿਆਨ ਵਿਭਾਗ ਦੀ ਮਿੱਟੀ ਅਤੇ ਪਾਣੀ ਪਰਖ ਪ੍ਰਯੋਗਸ਼ਾਲਾ ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ 31 ਪ੍ਰਤੀਸ਼ਤ ਨਮੂਨੇ ''ਜ਼ਿਆਦਾ ਫਾਸਫੋਰਸ'' (ਉਪਲਬਧ ਫਾਸਫੋਰਸ > 9 ਕਿਲੋ/ਏਕੜ) ਅਤੇ 30 ਪ੍ਰਤੀਸ਼ਤ ਨਮੂਨੇ ''ਬਹੁਤ ਜ਼ਿਆਦਾ ਫਾਸਫੋਰਸ'' (ਉਪਲਬਧ ਫਾਸਫੋਰਸ > 20 ਕਿਲੋ/ਏਕੜ) ਪੱਧਰ ਵਾਲੇ ਹਨ। ''ਜ਼ਿਆਦਾ ਫਾਸਫੋਰਸ'' ਵਾਲੀਆਂ ਜ਼ਮੀਨਾਂ ਵਿੱਚ ਖਾਦ ਦੀ ਮਾਤਰਾ 25 ਪ੍ਰਤੀਸ਼ਤ ਘਟਾ ਦਿਓ ਅਤੇ ''ਬਹੁਤ ਜ਼ਿਆਦਾ ਫਾਸਫੋਰਸ'' ਵਾਲੀਆਂ (ਉਪਲਬਧ ਫਾਸਫੋਰਸ > 20 ਕਿਲੋ/ਏਕੜ) ਜ਼ਮੀਨਾਂ ਵਿਚ ਫਾਸਫੋਰਸ ਖਾਦ ਪਾਉਣ ਦੀ ਬਿਲਕੁਲ ਜ਼ਰੂਰਤ ਨਹੀਂ ਪਰ ਅਜਿਹੀਆਂ ਜ਼ਮੀਨਾਂ ਨੂੰ 2-3 ਸਾਲ ਬਾਅਦ ਜ਼ਰੂਰ ਟੈਸਟ ਕਰਵਾ ਲੈਣਾ ਚਾਹੀਦਾ ਹੈ। ਮੱਕੀ-ਕਣਕ ਫਸਲੀ ਚੱਕਰ ਵਿਚ ਜੇ ਜ਼ਮੀਨ ਵਿਚਲੀ ਫਾਸਫੋਰਸ ਦੀ ਮਾਤਰਾ 16 ਕਿਲੋ ਪ੍ਰਤੀ ਏਕੜ ਤੋਂ ਵੱਧ ਹੋਵੇ ਤਾਂ

**ਬਾਕੀ ਸਫਾ 6 'ਤੇ**



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 46
ਮਿਤੀ 16-11-2024



**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ

## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher **JAGPREET SINGH**
Printed at **Drishti Printers,** Dasmesh Market,
Near Sher-e-Punjab Market,Gaushala Road, PATIALA &
Published at Patiala for **Prop. JAGPREET SINGH**


# ਸਹੀ ਵਾਧੇ ਲਈ ਨਵੇਂ ਲਗਾਏ ਫਲਦਾਰ ਬੂਟਿਆਂ ਦੀ ਸਾਂਭ-ਸੰਭਾਲ


**ਸਵਰੀਤ ਖਹਿਰਾ, ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨਤਾਰਨ (ਮੋਬਾਇਲ : 88723-85400)**


ਨਵੇਂ ਸਥਾਪਿਤ ਫਲਦਾਰ ਬੂਟਿਆਂ ਲਈ ਇਸ ਲੇਖ ਵਿਚ ਦਿੱਤੇ ਨੁਕਤੇ ਅਪਨਾਓ।

**ਬੂਟਿਆਂ ਦੀ ਸਿੰਚਾਈ ਪ੍ਰਬੰਧ** : ਨਵੇਂ ਲਾਏ ਬੂਟਿਆਂ ਦੀ ਪਹਿਲੀ ਅਤੇ ਮੁੱਖ ਲੋੜ ਪਾਣੀ ਦੀ ਹੁੰਦੀ ਹੈ। ਪਾਣੀ ਦੀ ਘਾਟ ਜਾਂ ਲੋੜ ਤੋਂ ਵਾਧੂ, ਬੂਟਿਆਂ ਦੇ ਵਿਕਾਸ ਨੂੰ ਰੋਕ ਦਿੰਦਾ ਹੈ ਇਸ ਲਈ ਨਵੇਂ ਲਾਏ ਬੂਟਿਆਂ ਨੂੰ ਸਿਹਤਮੰਦ ਰੱਖ ਕੇ



ਆਉਣ ਵਾਲੇ ਸਮੇਂ ਵਿਚ ਫਲਾਂ ਦਾ ਵਧੇਰੇ ਝਾੜ ਲਇਆ ਜਾ ਸਕਦਾ ਹੈ। ਬੇਲੋੜੀ ਸਿੰਚਾਈ ਬੂਟਿਆਂ ਨੂੰ ਲਾਭ ਦੀ ਬਜਾਏ ਹਾਨੀ ਪਹੁੰਚਾਉਂਦੀ ਹੈ ਕਿਉਕਿ ਵੱਧ ਪਾਣੀ ਬੂਟਿਲਾਂ ਦੀਆਂ ਜੜ੍ਹਾ ਨੂੰ ਗਾਲ ਕੇ ਹੌਲੀ-ਹੌਲੀ ਬੂਟਿਆਂ ਨੂੰ ਖਤਮ ਕਰ ਦਿੰਦਾ ਹੈ। ਸਿੰਚਾਈ ਹਮੇਸ਼ਾਂ ਓਨੀ ਹੀ ਕਰੋ ਜਿਹੜੀ ਬੂਟਿਆਂ ਦੀਆਂ ਜੜ੍ਹਾ ਨੂੰ ਗਿੱਲੀਆਂ ਕਰੇ ਅਤੇ ਜ਼ਮੀਨ ਵਿਚ ਨਮੀ ਨੂੰ ਬਰਕਰਾਰ ਰੱਖੇ। ਕਈ ਵਾਰ ਵੱਧ ਸਿੰਚਾਈ ਨਾਲ ਪਾਣੀ ਬਾਗ ਵਿਚ ਖੜ੍ਹਾ ਰਹਿੰਦਾ ਹੈ ਅਤੇ ਇਸ ਸਮੱਸਿਆ ਦਾ ਬੂਟਿਆਂ ਤੇ ਬਹੁਤ ਹੀ ਮਾੜਾ ਅਸਰ ਪੈਂਦਾ ਹੈ। ਇਸ ਹਾਲਤ ਵਿਚ ਫਲਦਾਰ ਬੂਟੇ ਬਿਮਾਰੀ ਦੀਆਂ ਨਿਸ਼ਾਨੀਆਂ ਵੀ ਜਲਦੀ ਵਖਾਉਣ ਲੱਗ ਪੈਂਦੇ ਹਨ।

**ਬੂਟਿਆਂ ਦਾ ਨਦੀਨ ਅਤੇ ਖਾਦ ਪ੍ਰਬੰਧ** : ਬਾਗਾਂ ਵਿਚ ਕਈ ਕਿਸਮ ਦੇ ਨਦੀਨ ਉੱਗ ਆਉਂਦੇ ਹਨ ਜੋ ਫਲਦਾਰ ਬੂਟਿਆਂ ਨਾਲ ਖੁਰਾਕੀ ਤੱਤ, ਪਾਣੀ ਅਤੇ ਰੌਸ਼ਨੀ ਲਈ ਮੁਕਾਬਲਾ ਕਰਦੇ ਹਨ। ਨਦੀਨ ਕੀੜੇ-ਮਕੌੜਿਆਂ ਅਤੇ ਬੀਮਾਰੀਆਂ ਨੂੰ ਵੀ ਸਹਾਰਾ ਦਿੰਦੇ ਹਨ ਅਤੇ ਉਹਨਾਂ ਦਾ ਵਾਧਾ ਕਰਨ ਵਿਚ ਵੀ ਸਹਾਈ ਹੁੰਦੇ ਹਨ। ਬਾਗਾਂ ਵਿੱਚੋਂ ਨਦੀਨਾਂ ਦੀ ਰੋਕਥਾਮ ਗੋਡੀ ਕਰਕੇ, ਹਲਕੀ ਵਾਹੀ ਕਰਕੇ, ਅੰਤਰ ਫਸਲਾਂ ਦੀ ਕਾਸ਼ਤ ਅਤੇ ਨਦੀਨ ਨਾਸ਼ਕ ਰਾਹੀਂ ਕੀਤੀ ਜਾ ਸਕਦੀ ਹੈ। ਸਦਾਬਹਾਰ ਫਲਦਾਰ ਬੂਟੇ ਪੱਤੇ ਨਹੀਂ ਝਾੜਦੇ ਪਰ ਠੰਡੇ ਮੌਸਮ ਵਿਚ ਇਹਨਾਂ ਦਾ ਵਿਕਾਸ ਰੁਕ ਜਾਂਦਾ ਹੈ। ਖਾਦਾਂ ਵਿੱਚੋਂ ਠੰਡੇ ਮੌਸਮ ਵਿਚ ਸਭ ਤੋਂ ਜ਼ਰੂਰੀ ਰੂੜੀ ਦੀ ਖਾਦ ਹੈ ਕਿਉਕਿ ਇਹ ਬੂਟੇ ਨੂੰ ਵੱਖ-ਵੱਖ ਲਾਜ਼ਮੀ ਖੁਰਾਕੀ ਤੱਤ ਪ੍ਰਧਾਨ ਕਰਕੇ ਬੂਟਿਆਂ ਨੂੰ ਸਿਹਤਮੰਦ ਰੱਖਦੀ ਹੈ। ਫਲਦਾਰ ਬੂਟਿਆਂ ਨੂੰ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕੀਤੀਆਂ ਖਾਦਾਂ ਸਮੇਂ ਸਿਰ ਪਾਓ।

**ਬੂਟਿਆਂ ਦਾ ਨਿਰੀਖਣ ਅਤੇ ਵਾਹੀ** : ਬਾਗ ਦੇ ਨਿਰੀਖਣ ਦੌਰਾਨ ਦੇਖਣਾ ਚਾਹੀਦਾ ਹੈ ਕਿ ਬੂਟੇ ਦੇ ਜੜ੍ਹ ਮੁੱਢ ਤੋਂ ਕੋਈ ਫੁਟਾਰਾ ਤਾਂ ਨਹੀਂ ਨਿਕਲ ਰਿਹਾ। ਜੇ ਜੜ੍ਹ ਮੁੱਢ ਤੋਂ ਕੋਈ ਫੁਟਾਰਾ ਨਿਕਲਿਆ ਹੋਵੇ ਤਾਂ ਉਸ ਨੂੰ ਬੜੀ ਸਾਵਧਾਨੀ ਨਾਲ ਕੱਟ ਦਿਓ। ਮੁੱਢੋਂ ਫੁੱਟਣ ਵਾਲੀਆਂ ਸ਼ਾਖਾਵਾਂ ਲਗਾਤਾਰ ਕੱਟਦੇ ਰਹੋ। ਬਿਮਾਰ ਅਤੇ ਸੁੱਕੇ ਹੋਏ ਹਿੱਸੇ ਦੀ ਧਿਆਨ ਨਾਲ ਕਾਂਟ-ਛਾਂਟ ਕਰੋ। ਨਵੇਂ ਲਾਏ ਬੂਟਿਆਂ ਨੂੰ ਚੰਗੀ ਤਰ੍ਹਾਂ ਸਹਾਰਾ ਦਿਓ ਤਾਂ ਜੋ ਉਹ ਡਿੱਗਣ ਨਾ। ਸੁੱਕ ਚੁੱਕੇ ਜਾਂ ਮਰ ਗਏ ਪੌਦਿਆਂ ਨੂੰ ਲਗਾਤਾਰ ਪੂਰਦੇ ਰਹੋ ਤਾਂ ਕਿ ਬਾਗ ਇਕਸਾਰ ਬਣਿਆ ਰਹੇ। ਨਦੀਨਾਂ ਦੀ ਰੋਕਥਾਮ ਲਈ ਅਤੇ ਕੀੜੇ ਮਕੌੜਿਆਂ ਨੂੰ ਖਤਮ ਕਰਨ ਲਈ ਬਾਗ ਵੀ ਵਾਹੀ ਬਹੁਤ ਹੀ ਮਹੱਤਵਪੂਰਨ ਸਾਬਿਤ ਹੁੰਦੀ ਹੈ। ਵਾਹੀ ਤੋਂ ਬਾਅਦ ਖੇਤ ਨੂੰ ਧੁੱਪ ਲੱਗਣ ਨਾਲ ਮਿੱਟੀ ਖੁੱਲ੍ਹ ਜਾਂਦੀ ਹੈ। ਖੇਤ ਨੂੰ ਚੰਗੀ ਤਰ੍ਹਾਂ ਵਾਹ ਕੇ ਪਿੱਛੋਂ ਫਾਲਤੂ ਜੜ੍ਹੀ ਬੂਟੀਆਂ ਹੱਥ ਨਾਲ ਚੁਗ ਲਓ। ਵਾਹੀ ਕਰਨ ਨਾਲ ਮਿੱਟੀ ਵਿਚ ਹਵਾ ਦਾ ਦੌਰਾ ਵੱਧ ਜਾਂਦਾ ਹੈ ਅਤੇ ਬੂਟੇ ਚੰਗੇ ਵੱਧਦੇ ਫੁੱਲਦੇ ਹਨ। ਬਾਗ ਵਿਚ ਟਰੈਕਟਰ ਨਾਲ ਵਾਹੀ ਉੱਪਰ ਅਤੇ ਬੂਟਿਆਂ ਵਿਚਕਾਰ ਧਿਆਨ ਨਾਲ ਕਰਨੀ ਚਾਹੀਦੀ ਹੈ ਤਾਂ ਜੋ ਬੂਟੇ ਦੀਆਂ ਜੜ੍ਹਾ ਨੂੰ ਕੋਈ ਨੁਕਸਾਨ ਨਾ ਪਹੁੰਚੇ।

**ਬੂਟਿਆਂ ਦਾ ਆਉਣ ਵਾਲੇ ਮੌਸਮ ਤੋਂ ਬਚਾਅ** : ਬਾਗਬਾਨ ਸਰਦ ਰੁੱਤ ਸਮੇਂ ਬੂਟਿਆਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਸਿਰੇ ਦੀ ਸਰਦੀ ਬੂਟਿਆਂ ਨੂੰ ਬਹੁਤ ਨੁਕਸਾਨ ਕਰਦੀ ਹੈ। ਸਰਦੀ ਰੁੱਤ ਵਿਚ ਕੋਰਾ ਬੂਟਿਆਂ ਨੂੰ ਕਾਫੀ ਨੁਕਸਾਨ ਕਰਦਾ ਹੈ ਨਰਮ ਪੱਤਿਆਂ ਤੇ ਕੋਰੇ ਦਾ ਕਾਫੀ ਹੱਦ ਤੱਕ ਅਸਰ ਹੁੰਦਾ ਹੈ। ਕੋਰੇ ਤੋਂ ਬਚਾਅ ਲਈ ਧੂੰਏ ਦੇ ਬੱਦਲ ਬਣਾਓ, ਬੂਟਿਆਂ ਨੂੰ ਸਮੇਂ ਸਿਰ ਪਾਣੀ ਲਾਓ ਅਤੇ ਇਹਨਾਂ ਦੀ ਸਿਧਾਈ ਕਰਕੇ ਨੀਵੇਂ ਰੱਖੋ। ਇਹਨਾਂ ਨੁਕਤਿਆਂ ਨਾਲ ਪੌਦਿਆਂ ਦਾ ਮਰਨ ਦਾ ਦਰ ਘੱਟ ਜਾਂਦਾ ਹੈ ਪੌਦਿਆਂ ਦਾ ਵਾਧਾ ਛੇਤੀ ਹੁੰਦਾ ਹੈ। ਇਸ ਤੋਂ ਇਲਾਵਾ ਬੂਟਿਆਂ ਨੂੰ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਸਿਫਾਰਿਸ਼ ਕੀਤੇ ਉੱਲੀਨਾਸ਼ਕਾਂ ਅਤੇ ਕੀਟਨਾਸ਼ਕਾਂ ਦਾ ਛਿੜਕਾਅ ਕਰੋ।

# ਸੂਡੋਮੋਨਾਸ ਪੁਟੀਡਾ ਜੀਵਾਣੂੰ ਖਾਦ ਵਰਤੋਂ ਰਾਇਆ-ਸਰ੍ਹੋਂ ਦਾ ਝਾੜ ਵਧਾਓ


**ਪ੍ਰਤਿਭਾ ਵਯਾਸ, ਜੁਪਿੰਦਰ ਕੌਰ ਅਤੇ ਸੀਮਾ ਗਰਚਾ, ਮਾਈਕਰੋਬਾਇਓਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ**
(ਮੋਬਾਇਲ : 86990-07301)


ਰਾਇਆ-ਸਰ੍ਹੋਂ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸੂਡੋਮੋਨਾਸ ਪੁਟੀਡਾ ਐਮ ਐਲ ਈ 8 ਜੀਵਾਣੂੰ ਖਾਦ ਦੀ ਸਿਫਾਰਿਸ਼ ਕੀਤੀ ਗਈ ਹੈ। ਸੂਡੋਮੋਨਾਸ ਪੁਟੀਡਾ ਐਮ ਐਲ ਈ 8 ਜੀਵਾਣੂੰ ਅਣਘੁੱਲੀ ਫਾਸਫੋਰਸ ਅਤੇ ਜ਼ਿੰਕ ਨੂੰ ਘੁਲਣਸ਼ੀਲ ਰੂਪ ਵਿਚ ਤਬਦੀਲ ਕਰਕੇ ਅਤੇ ਪੌਦੇ ਲਈ ਫਾਈਟੋਹਾਰਮੋਨ ਬਣਾ ਕੇ ਪੌਦੇ ਦੇ ਵਿਕਾਸ ਅਤੇ ਝਾੜ ਵਿਚ ਵਾਧਾ ਕਰਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਰਾਇਆ-ਸਰ੍ਹੋਂ ਲਈ 250 ਗ੍ਰਾਮ ਸੂਡੋਮੋਨਾਸ ਪੁਟੀਡਾ ਜੀਵਾਣੂੰ ਖਾਦ ਦਾ ਪੈਕਟ ਇੱਕ ਏਕੜ ਦੇ ਬੀਜਾਂ ਲਈ 30 ਰੁਪਏ ਕੀਮਤ ਤੇ ਮੁਹੱਈਆ ਕਰਵਾਇਆ ਜਾਂਦਾ ਹੈ, ਜਿਸਨੂੰ ਬੀਜਾਂ ਨੂੰ ਲਾਉਣ ਨਾਲ ਸਰ੍ਹੋਂ ਦੇ ਝਾੜ ਵਿਚ ਵਾਧਾ ਹੁੰਦਾ ਹੈ।

**ਸੂਡੋਮੋਨਾਸ ਪੁਟੀਡਾ ਜੀਵਾਣੂੰ ਖਾਦ ਦੇ ਮੁੱਖ ਫਾਇਦੇ :**

★ ਬੀਜ ਦੀ ਪੈਦਾਵਾਰ ਵਿਚ 5-11.7% ਵਾਧਾ।

★ ਤੇਲ ਦੀ ਪੈਦਾਵਾਰ ਵਿਚ 3.4-12% ਵਾਧਾ।

★ ਮਿੱਟੀ ਦੀ ਸਿਹਤ ਅਤੇ ਉਪਜਾਊ ਸ਼ਕਤੀ ਵਿਚ ਸੁਧਾਰ।

**ਸੂਡੋਮੋਨਾਸ ਪੁਟੀਡਾ ਜੀਵਾਣੂੰ ਖਾਦ ਦੀ ਵਰਤੋਂ ਦਾ ਢੰਗ :**

★ ਸਰ੍ਹੋਂ ਜਾਤੀ ਦੀ ਕਿਸੇ ਵੀ ਫਸਲ ਦੇ ਇੱਕ ਏਕੜ ਦੇ ਬੀਜ ਨੂੰ ਸਾਫ ਫਰਸ਼/ਪੋਲੀਥੀਨ ਸ਼ੀਟ ਤੇ ਵਿਛਾ ਕੇ ਘੱਟ-ਘੱਟ ਸਾਫ ਪਾਣੀ (50-100 ਮਿਲੀਲੀਟਰ) ਨਾਲ ਗਿੱਲਾ ਕਰੋ।

★ ਸੂਡੋਮੋਨਾਸ ਪੁਟੀਡਾ ਐਮ ਐਲ ਈ 8 ਜੀਵਾਣੂੰ ਖਾਦ ਨੂੰ ਬੀਜ ਨਾਲ ਚੰਗੀ ਤਰ੍ਹਾਂ ਰਲਾ ਲਓ।

★ ਬੀਜ ਨੂੰ ਸੁਕਾ ਲਓ ਅਤੇ ਜਿੰਨਾ ਛੇਤੀ ਹੋ ਸਕੇ ਬਿਜਾਈ ਕਰ ਲਓ।

**ਸੂਡੋਮੋਨਾਸ ਪੁਟੀਡਾ ਜੀਵਾਣੂੰ ਖਾਦ ਵਰਤਣ ਸਮੇਂ ਸਾਵਧਾਨੀਆਂ :**

★ ਫਸਲ ਦੇ ਲਈ ਹਮੇਸ਼ਾਂ ਸਿਫਾਰਸ਼ ਕੀਤੀ ਜੀਵਾਣੂੰ ਖਾਦ ਹੀ ਵਰਤੋਂ ਕਰੋ।

★ ਜੀਵਾਣੂੰ ਖਾਦ ਦੀ ਮਿਆਦ (3 ਮਹੀਨੇ) ਪੁੱਗਣ ਤੋਂ ਪਹਿਲਾਂ ਵਰਤੋਂ।


★ ਜੀਵਾਣੂੰ ਖਾਦ ਵਾਲਾ ਲਿਫਾਫਾ ਧੁੱਪ ਅਤੇ ਗਰਮੀ ਤੋਂ ਦੂਰ ਠੰਢੀ ਥਾਂ ਤੇ ਰੱਖੋ।

★ ਜੀਵਾਣੂੰ ਖਾਦ ਲਗਾਉਣ ਤੋਂ ਬਾਅਦ ਬਿਜਾਈ ਛੇਤੀ ਕਰ ਲਵੋ।

★ ਜੀਵਾਣੂੰ ਖਾਦ ਨੂੰ ਰਸਾਇਣਕ ਕੀਟਨਾਸ਼ਕਾਂ ਦੇ ਨਾਲ ਨਾ ਮਿਲਾਓ।

**ਜੀਵਾਣੂੰ ਖਾਦ ਦੀ ਉਪਲੱਬਧਤਾ :**

★ ਜੀਵਾਣੂੰ ਖਾਦਾਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਈਕਰੋਬਾਇਓਲੋਜੀ ਵਿਭਾਗ, ਬੀਜਾਂ ਦੀ ਦੁਕਾਨ, ਗੇਟ ਨੰ: 1 ਅਤੇ ਵੱਖੋ-ਵੱਖਰੇ ਜ਼ਿਲ੍ਹਿਆਂ ਵਿਚ ਸਥਿਤ ਕ੍ਰਿਸ਼ੀ ਵਿਗਿਆਨ/ਫਾਰਮ ਸਲਾਹਕਾਰ ਕੇਂਦਰਾਂ ਤੋਂ ਮਿਲਦੀਆਂ ਹੈ। ਜੀਵਾਣੂੰ ਖਾਦਾਂ ਦੀ ਵਧੇਰੀ ਜਾਣਕਾਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਈਕਰੋਬਾਇਓਲੋਜੀ ਵਿਭਾਗ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।



## ਫਸਲੀ ਵਿਭਿੰਨਤਾ ਲਈ ਕਰੋ

# ਛਿਲਕਾ ਰਹਿਤ ਜੌਆਂ ਦੀ ਕਾਸ਼ਤ

ਮਨਿੰਦਰ ਕੌਰ, ਸਿਮਰਜੀਤ ਕੌਰ ਅਤੇ ਹਰੀ ਰਾਮ, ਪਲਾਂਟ ਬ੍ਰੀਡਿੰਗ ਅਤੇ ਜੇਨੈਟਿਕਸ ਵਿਭਾਗ-1 ਅਤੇ ਫਸਲ ਵਿਗਿਆਨ ਵਿਭਾਗ-2, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ।

ਜੌਂ ਵਿਭਿੰਨ ਵਾਤਾਵਰਨ ਹਾਲਾਤਾਂ ਜਿਵੇਂ ਕਿ ਸੋਕਾ, ਖਾਰਾਪਣ ਅਤੇ ਵਧੇਰੇ ਤਾਪਮਾਨ ਨੂੰ ਵੀ ਸਹਾਰਨ ਦੀ ਸ਼ਕਤੀ ਰੱਖਦੇ ਹਨ । ਇਨ੍ਹਾਂ ਦੀ ਕਾਸ਼ਤ ਲਈ ਘੱਟ ਪਾਣੀ ਅਤੇ ਖਾਦਾਂ ਦੀ ਲੋੜ ਪੈਂਦੀ ਹੈ, ਜਿਸ ਦੇ ਫਲਸਰੂਪ ਇਹ ਕੁਦਰਤੀ ਸੋਮਿਆਂ ਦੀ ਸੰਭਾਲ 'ਚ ਵੀ ਯੋਗਦਾਨ ਪਾਉਂਦੇ ਹਨ । ਕਿਸਾਨ ਛਿਲਕਾ ਰਹਿਤ ਜੌਆਂ ਦੀ ਖੇਤੀ ਅਪਣਾ ਕੇ ਸਿਹਤ ਦੇ ਨਾਲ-ਨਾਲ ਇਸ ਦੀ ਪ੍ਰੋਸੈਸਿੰਗ ਕਰ ਕੇ ਜੌਆਂ ਤੋਂ ਵਧੇਰੇ ਮੁਨਾਫਾ ਕਮਾ ਸਕਦੇ ਹਨ । ਛਿਲਕਾ ਰਹਿਦ ਜੌਆਂ ਦਾ ਦਲੀਆ, ਭੁੰਨ ਕੇ, ਰੋਟੀ (ਕਣਕ ਅਤੇ ਜੌਆਂ ਦਾ ਆਟਾ ਮਿਲਾ ਕੇ), ਬਿਸਕੁਟ, ਸੱਤੂ, ਅਤੇ ਮਿਸੀ ਰੋਟੀ ਦੇ ਰੂਪ 'ਚ ਇਸਤੇਮਾਲ ਕਰ ਸਕਦੇ ਹਨ ਬੀਟਾ ਗਲੂਕਨ ਭਰਪੂਰ ਛਿਲਕਾ ਰਹਿਤ ਜੌਆਂ ਦੇ ਵੱਖ-ਵੱਖ ਪਦਾਰਥਾਂ ਦਾ ਮੰਡੀਕਰਨ ਕਰਨਾ ਵੀ ਰੁਜ਼ਗਾਰ ਦਾ ਇਕ ਵੱਡਾ ਸਾਧਨ ਬਣ ਸਕਦਾ ਹੈ । ਬੀਟਾ ਗਲੂਕਨ ਭਰਪੂਰ ਛਿਲਕਾ ਰਹਿਤ ਜੌਆਂ ਦੀ ਖੇਤੀ ਅਪਣਾ ਕੇ ਭਰਪੂਰ ਮੁਨਾਫਾ ਕਮਾਇਆ ਜਾ ਸਕਦਾ ਹੈ । ਖਾਸ ਕਰਕੇ ਪੰਜਾਬ 'ਚ ਫਸਲੀ ਵਿਭਿੰਨਤਾ ਲਈ ਛਿਲਕਾ ਰਹਿਤ ਜੌਂ ਬਹੁਤ ਹੀ ਢੁਕਵੀਂ ਫਸਲ ਹੈ ।

### ਛਿਲਕੇ ਦੇ ਆਧਾਰ 'ਤੇ ਜੌਂ ਦੀਆਂ ਕਿਸਮਾਂ

ਛਿਲਕੇ ਵਾਲੇ ਜੌਂ ਅਤੇ ਛਿਲਕਾ ਰਹਿਤ ਜੌਂ । ਛਿਲਕੇ ਵਾਲੇ ਜੌਂ ਪਸ਼ੂ ਖੁਰਾਕ ਅਤੇ ਮਾਲਟ ਅਤੇ ਮਾਲਟ ਆਧਾਰਿਤ ਪਦਾਰਥ ਜਿਵੇਂ ਕਿ ਬੀਅਰ ਅਤੇ ਵਿਸਕੀ ਬਣਾਉਣ 'ਚ ਵਰਤੇ ਜਾਂਦੇ ਹਨ, ਜਦੋਂ ਕਿ ਛਿਲਕਾ ਰਹਿਤ ਜੌਂ ਮਨੁੱਖੀ ਖੁਰਾਕ ਲਈ ਵਰਤੇ ਜਾਂਦੇ ਹਨ । ਛਿਲਕਾ ਰਹਿਤ ਜੌਂ ਦਾ ਛਿਲਕਾ ਥਰੈਸ਼ਿੰਗ ਸਮੇਂ ਅਸਾਨੀ ਨਾਲ ਉੱਤਰ ਜਾਂਦਾ ਹੈ, ਜਿਸ ਦੇ ਫਲਸਰੂਪ ਇਸ ਨੂੰ ਆਸਾਨੀ ਨਾਲ ਖੁਰਾਕ ਵਜੋਂ ਵਰਤਿਆ ਜਾ ਸਕਦਾ ਹੈ । ਛਿਲਕੇ ਵਾਲੀ ਕਿਸਮ ਨੂੰ ਖਾਣ ਲਈ ਇਸ ਤੋਂ ਪਰਲਿੰਗ ਤਕਨੀਕ ਨਾਲ ਛਿਲਕਾ ਉਤਾਰਣਾ ਪੈਂਦਾ ਹੈ, ਜਿਸ ਦੌਰਾਨ ਐਲੀਊਰਾਨ ਪਰਤ ਜਿਸ 'ਚ ਸਭ ਤੋਂ ਜ਼ਿਆਦਾ ਅਮਾਈਨੋਏਸਿਡ ਅਤੇ ਵਿਟਾਮਿਨ ਹੁੰਦੇ ਹਨ, ਉਤਰ ਜਾਂਦੀ ਹੈ । ਇਸ ਦੇ ਇਲਾਵਾ ਇਹ ਤਕਨੀਕ ਕਾਫੀ ਮਹਿੰਗੀ ਹੋਣ ਦੇ ਨਾਲ-ਨਾਲ ਸਮਾਂ ਵੀ ਵਧੇਰੇ ਲੈਂਦੀ ਹੈ । ਜੌਆਂ ਦਾ ਮਨੁੱਖੀ ਸਿਹਤ 'ਚ ਯੋਗਦਾਨ ਨੂੰ ਧਿਆਨ 'ਚ ਰੱਖਦੇ ਹੋਵੇ ਦੁਨੀਆਂ ਭਰ 'ਚ ਵੱਖ-ਵੱਖ ਸੰਸਥਾਵਾਂ ਵਲੋਂ ਛਿਲਕਾ ਰਹਿੰਤ ਕਿਸਮਾਂ ਤਿਆਰ ਕੀਤੀਆਂ ਗਈਆਂ ਹਨ ।

### ਜੌਂ ਦੀ ਕਿਸਮ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਪੀ.ਐੱਲ-891 ਜੌਆਂ ਦਾ ਛਿਲਕਾ ਰਹਿਤ ਕਿਸਮ ਦਾ ਨਿਰਮਾਣ ਕੀਤਾ ਗਿਆ ਹੈ । ਇਸ ਦੇ ਦਾਣੇ 'ਚ 4.0-6.0 ਪ੍ਰਤੀਸ਼ਤ ਬੀਟਾ ਗਲੂਕਨ ਅਤੇ 12 ਪ੍ਰਤੀਸ਼ਤ ਪ੍ਰੋਟੀਨ ਮੌਜੂਦ ਹੈ । ਇਹ ਦੋ ਕਤਾਰਾਂ ਵਾਲੀ ਜੌਆਂ ਦੀ ਕਿਸਮ ਹੈ, ਜੋ ਪੱਕਣ ਲਈ 144 ਦਿਨ ਲੈਂਦੀ ਹੈ । ਇਸ ਦੇ ਕੱਦ ਦਰਮਿਆਨਾ (102 ਸੈਂ.ਮੀ.) ਅਤੇ ਇਹ ਪੀਲੀ ਕੁੰਗੀ ਦੀਆਂ ਮੁੱਖ ਕਿਸਮਾਂ, ਭੂਰੀ ਕੁੰਗੀ ਅਤੇ ਪੱਤੇ ਦੇ ਝੁਲਸ ਰੋਗ ਪ੍ਰਤੀ ਸਹਿਣਸ਼ੀਲ ਹੈ । ਇਸ ਦਾ ਔਸਤਨ ਝਾੜ 16.8 ਕੁਇੰਟਲ/ਏਕੜ ਹੈ । ਜੌਆਂ ਦੀ ਇਸ ਕਿਸਮ ਦੀ ਕਾਸ਼ਤ ਦੀਆਂ ਉੱਨਤ ਤਕਨੀਕਾਂ ਹੇਠ ਲਿਖੇ ਅਨੁਸਾਰ ਹਨ, ਜਿਨ੍ਹਾਂ ਨੂੰ ਅਪਣਾ ਕੇ ਕਿਸਾਨ ਵੀਰ ਆਪਣੀ ਜੌਆਂ ਦੀ ਪੈਦਾਵਾਰ 'ਚ ਵਾਧਾ ਕਰ ਸਕਣਗੇ ।

### ਪੀ. ਐੱਲ.-891 ਦੀ ਕਾਸ਼ਤ

ਪੀ. ਐੱਲ.-891 ਦੀ ਕਾਸ਼ਤ ਉਪਜਾਊ ਜ਼ਮੀਨ ਉਪਰ ਹੀ ਕਰੋ, ਜੇਕਰ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਹੋਈ ਤਾਂ ਇਸ ਦੇ ਦਾਣੇ ਮਾਰਜੂ ਰਹਿ ਜਾਣਗੇ, ਜਿਸ ਕਰਕੇ ਛਿਲਕਾ ਉਤਰਨ 'ਚ ਵੀ ਸਮੱਸਿਆ ਆ ਸਕਦੀ ਹੈ ਅਤੇ ਫਿਰ ਨੂੰ ਫਿਰ ਹੱਥਾਂ ਨਾਲ ਛਿਲਕਾ ਰਹਿਤ ਕਰਨਾ ਪਵੇਗਾ । ਖੇਤ ਨਦੀਨ ਅਤੇ ਡਲਿਆਂ ਤੋਂ ਮੁਕਤ ਹੋਣਾ ਚਾਹੀਦਾ ਹੈ । ਮਿੱਟੀ ਦੇ ਆਧਾਰ 'ਤੇ ਖੇਤ ਨੂੰ ਦੋ ਵਾਰ ਤਵੀਆਂ ਅਤੇ ਇਕ ਵਾਰ ਕਲਟੀਵੇਟਰ ਨਾਲ ਚੰਗੀ ਤਰ੍ਹਾਂ ਵਾਹ ਕੇ ਸੁਹਾਗਾ ਮਾਰਨਾ ਚਾਹੀਦਾ ਹੈ । ਬਹੁਤ ਜ਼ਰੂਰੀ ਹੈ ਕਿ ਬਿਜਾਈ ਸਮੇਂ ਸਿਰ ਕੀਤੀ ਜਾਵੇ । ਬਿਜਾਈ ਲਈ ਢੁੱਕਵਾਂ ਸਮਾਂ 15 ਅਕਤੂਬਰ ਤੋਂ 15 ਨਵੰਬਰ ਤੱਕ ਹੈ । ਇਸ ਕਿਸਮ ਦੇ ਦਾਣੇ ਮੋਟੇ ਹੁੰਦੇ ਹਨ, ਇਸ ਲਈ ਇਸ ਦੇ ਬੀਜ ਦੀ ਮਾਤਰਾ 50 ਕਿੱਲੋ ਪ੍ਰਤੀ ਏਕੜ ਵਰਤੋਂ ਕਰੋ । ਬੀਜ ਤੋਂ ਫੈਲਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਧਾਰੀਆਂ ਦਾ ਰੋਗ ਅਤੇ ਕਾਂਗਿਆਰੀ ਦੀ ਰੋਕਥਾਮ ਲਈ ਬੀਜ ਨੂੰ ਵੀਟਾਵੈਕਸ 75 ਡਬਲਿਊ ਪ੍ਰਤੀ ਕਿਲੋ ਬੀਜ ਲਈ 1.5 ਗ੍ਰਾਮ ਦਵਾਈ ਵਾਲਾ ਸੋਧ ਲਵੋ । ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਬਿਜਾਈ ਬੀਜ ਅਤੇ ਖਾਦਾਂ ਵਾਲੀ ਡਰਿੱਲ ਨਾਲ ਕਰਨ । ਇਹ ਵੇਖਿਆ ਗਿਆ ਹੈ ਛਿੱਟੇ ਨਾਲ ਬਿਜਾਈ ਕਰਨ ਨਾਲ ਬੀਜ ਸਹੀ ਡੂੰਘਾਈ 'ਚ ਨਹੀਂ ਪੈਂਦਾ ਅਤੇ ਖੇਤ 'ਚ ਫਸਲ ਇਕਸਾਰ ਅਤੇ ਭਰਪੂਰ ਨਹੀਂ ਹੁੰਦੀ । ਬਿਜਾਈ ਸਮੇਂ ਸਿਆੜਾਂ ਦੀ ਵਿੱਥ 22.5 ਸੈਂ. ਮੀ. ਹੋਣੀ ਚਾਹੀਦੀ ਹੈ । ਖਾਦਾਂ ਦੀ ਘੱਟ ਵਰਤੋਂ ਨਾਲ ਫਸਲ ਕਮਜ਼ੋਰ ਹੋ ਸਕਦੀ ਹੈ ਅਤੇ ਵੱਧ ਵਰਤੋਂ ਨਾਲ ਫਸਲ ਡਿੱਗ ਪੈਂਦੀ ਹੈ, ਜਿਸ ਨਾਲ ਪੈਦਾਵਾਰ ਅਤੇ ਗੁਣਵੱਤਾ 'ਤੇ ਮਾੜਾ ਅਸਰ ਪੈਂਦਾ ਹੈ । ਖਾਦਾਂ 'ਚ 55 ਕਿੱਲੋ ਯੂਰੀਆ, 27 ਕਿਲੋਗ੍ਰਾਮ ਡੀ ਏ. ਪੀ. ਜਾਂ 75 ਕਿਲੋ ਸੁਪਰ ਫਾਸਫੇਰਟ ਅਤੇ 10 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਕਿੱਲ੍ਹਾ ਪਾਓ । ਜੇ ਫਾਸਫੋਰਸ ਲਈ ਡੀ. ਏ. ਪੀ. ਵਰਤ ਰਹੇ ਹੋ ਤਾਂ ਯੂਰੀਆ ਦੀ ਮਾਤਰਾ 10 ਕਿਲੋ ਪ੍ਰਤੀ ਕਿੱਲ੍ਹਾ ਘਟਾ ਦੇਵੋ । ਸਾਰੀਆਂ ਖਾਦਾਂ ਬਿਜਾਈ ਦੇ ਸਮੇਂ ਹੀ ਪਾਓ । ਚੰਗਾ ਝਾੜ ਪ੍ਰਾਪਤ ਕਰਨ ਲਈ ਯੂਰੀਆ ਰੌਣੀ ਤੋਂ ਫੌਰਨ ਪਹਿਲਾਂ ਪਾਓ । ਮਿੱਟੀ ਅਤੇ ਬਾਰਿਸ਼ ਦੇ ਅਨੁਸਾਰ ਆਮ ਤੌਰ 'ਤੇ ਇਸ ਕਿਸਮ ਨੂੰ ਦੋ-ਤਿੰਨ ਪਾਣੀਆਂ ਦੀ ਲੋੜ ਪੈਂਦੀ ਹੈ । ਪੱਕਣ ਤੋਂ ਬਾਅਦ ਜੌਂ ਜਲਦੀ ਹੀ ਵੱਢ ਲੈਣੇ ਚਾਹੀਦੇ ਹਨ ਨਹੀਂ ਤਾਂ ਫਸਲ ਪੱਕਣ ਤੋਂ ਬਾਅਦ ਜਲਦੀ ਡਿੱਗ ਪੈਂਦੀ ਹੈ ਅਤੇ ਦਾਣੇ ਕਿਰ ਜਾਂਦੇ ਹਨ । ਵਾਢੀ ਵੇਲੇ ਕੰਬਾਇਨ ਦੀ ਗਤੀ ਐਡਜੈਸਟ ਕਰਨ ਨਾਲ ਦਾਣੇ ਟੁੱਟਦੇ ਨਹੀਂ ਹਨ ਅਤੇ ਛਿਲਕਾ ਵੀ ਉੱਤਰ ਜਾਂਦਾ ਹੈ ।




# ਬਹਾਰ ਨਾਲੋਂ ਵੀ ਖੂਬਸੂਰਤ ਏ ਕਨੇਡਾ ਵਿੱਚ ਪੱਤਝੜ ਦਾ ਮੌਸਮ



ਬਲਵਿੰਦਰ 'ਬਾਲਮ'
ਓਂਕਾਰ ਨਗਰ, ਗੁਰਦਾਸਪੁਰ
ਮੋ. 98156-25409

**ਇਸ ਮੌਸਮ ਵਿਚ ਲੋਕੀਂ ਸੈਰ ਦਾ ਪੂਰਾ-ਪੂਰਾ ਲੁਤਫ ਉਠਾਉਂਦੇ ਹੋਏ ਰੰਗਾਂ ਦੇ ਤਲਿਸਮੀ ਨਜ਼ਾਰੇ ਨੂੰ ਧਮਣੀਆਂ-ਸ਼ਿਰਾਵਾਂ ਵਿਚ ਸ਼ਾਮਿਲ ਕਰਦੇ ਹੋਏ ਆਨੰਦ ਵਿਭੋਰ ਹੋ-ਹੋ ਜਾਂਦੇ ਹਨ। ਸੁੰਦਰ ਦ੍ਰਿਸ਼, ਠੰਢਕਦਾਰ ਮੌਸਮ ਜਿਸਮ ਨੂੰ ਤਾਜ਼ਗੀ, ਸਫੂਰਤੀ ਨਾਲ ਨਿਹਾਲ ਕਰ ਦਿੰਦਾ ਹੈ।**

ਕਨੇਡਾ ਦੇ ਲੈਂਡ ਸਕੇਪਿੰਗ ਦੇ ਮਾਹਿਰ ਵਿਗਿਆਨੀਆਂ ਨੇ ਕਈ ਪ੍ਰਕਾਰ ਦੀਆਂ ਜਾਤੀਆਂ, ਸਵਰੂਪਾਂ, ਅਕਾਰਾਂ, ਪ੍ਰਕਾਰਾਂ ਦੇ ਰੁੱਖਾਂ ਨੂੰ ਇਸ ਵਿਉਂਤਬੰਦੀ ਨਾਲ ਸੜਕਾਂ, ਝੀਲਾਂ, ਨਹਿਰਾਂ, ਚੌਂਕਾਂ, ਜੰਗਲਾਂ ਦੁਆਲੇ, ਪਰਬਤਾਂ ਵਿਚ ਲਗਾਇਆ ਹੈ ਕਿ ਰੁੱਖਾਂ ਦੀ ਤਰਤੀਬ, ਤਾਮੀਰ, ਤਾਸੀਰ, ਦਿਸ਼ਾ, ਉੱਚੀ-ਨੀਵੀਂ ਤਕਸੀਮ ਸ਼ੈਲੀ ਨੂੰ ਇਸ ਖੂਬਸੂਰਤ ਪ੍ਰਯੋਗਮਈ ਖੋਜਮਈ ਢੰਗ ਨਾਲ ਸ਼ਿਲਪਗਤ ਕੀਤਾ ਹੈ ਕਿ ਅੱਖਾਂ ਜਦ ਇਨ੍ਹਾਂ ਰੰਗ-ਬਿਰੰਗੇ ਰੱਖਾਂ ਨੂੰ ਅਪਣਾਉਂਦੀਆਂ ਹੋਈਆਂ, ਦਿਲ, ਦਿਮਾਗ, ਰੂਹ ਵਿਚ ਪ੍ਰਵੇਸ਼ ਕਰਦੀਆਂ ਹਨ ਤਾਂ ਰੰਗਾਂ ਦੀ ਨਵੀਨ ਵਿਰਾਸਤ, ਰੰਗਾਂ ਦਾ ਸਭਿਆਚਾਰ ਸ਼ੋਖੀਆਂ ਵਿਚ ਤਬਦੀਲ ਹੋ ਕੇ ਸਵਰਣਯੁਗ ਵਿਚ ਆ ਜਾਂਦਾ ਹੈ।



ਐਡਮਿੰਟਨ ਤੋਂ ਲੈ ਕੇ ਵੈਨਕੂਵਰ ਤੱਕ ਬਾਈ ਰੋਡ ਜਾਂਦਿਆਂ ਰੁੱਖਾਂ 'ਤੇ ਰੰਗੀਲੀ, ਫਬੀਲੀ, ਨਸ਼ੀਲੀ ਅਹਿਮੀਅਤ ਵੇਖ ਕੇ ਰੂਹ ਆਨੰਦਿਤ ਹੋ ਜਾਂਦੀ ਹੈ। ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਕੁਦਰਤ ਨੇ ਸਾਰੀ ਸੁੰਦਰਤਾ ਪਤਝੜ ਵਿਚ ਵਿਭਾਜਨ ਕਰ ਦਿੱਤੀ ਹੋਵੇ। ਜਿਸ ਤਰ੍ਹਾਂ ਕੁਦਰਤੀ ਮੁਸਵਿਰ ਨੇ ਅਮੂਰਤ ਬਿੰਬਾਂ ਦਾ ਵਿਆਪਕ ਥਥਾਰਥ ਚਿੱਤਰਣ ਕੀਤਾ ਹੋਵੇ।

ਜਿੱਥੇ ਬਹਾਰਾਂ ਦੇ ਮੌਸਮ ਵਿਚ ਵੱਖ-ਵੱਖ ਦਿਲਕਸ਼-ਦਿਮਾਗਕਸ਼ ਖੁਸ਼ਬੂਆਂ ਦਾ ਸੰਤੋਸ਼ਜਨਕ ਆਨੰਦ ਉੱਥੇ ਪਤਝੜ ਵਿਚ ਬਹਾਰਾਂ ਨਾਲੋਂ ਕਿਤੇ ਜ਼ਿਆਦਾ ਰੰਗਾਂ ਦੀ ਸੁੰਦਰ ਨਿਰਾਲੇਪਨ ਵਿਚ ਇਕ ਫਿੱਕੀ-ਫਿੱਕੀ ਅਜੀਬ ਜਿਹੀ ਬੀਅਰ ਦੇ ਸਵਾਦ ਵਰਗੀ ਸੁਗੰਧ ਫੈਲਦੀ ਹੋਈ ਸਾਰੇ ਜਿਸਮ ਵਿਚ ਇਕ ਸਕੂਨ ਉਤਪੰਨ ਕਰ ਦਿੰਦੀ ਹੈ।

ਤੜਕ ਸਵੇਰ ਦੀ ਪਤਝੜ ਦਾ ਮੌਸਮ ਠੰਢਾ ਅਲਬੇਲਾ, ਮਰਮਸਪਰਸ਼ੀ ਅਨੁਭਵ ਨੂੰ ਮੰਥਨ ਕਰਕੇ ਕੋਈ ਹਿਲੋਰਾ ਆਤਮਸਾਤ ਕਰਦਾ ਹੈ।

ਜਦ ਤਰ੍ਹਾਂ-ਤਰ੍ਹਾਂ ਦੇ ਰੁੱਖਾਂ ਦੇ ਪੱਤਿਆਂ ਉੱਪਰ ਸੂਰਜ ਦੀਆਂ ਉਜੱਵਲ ਕੋਸੀਆਂ-ਕੋਸੀਆਂ ਕਿਰਨਾਂ ਆਪਣੇ ਗੁਨਗਨੇ ਚੁੰਮਣ ਧਰਦੀਆਂ ਹਨ ਤਾਂ ਰੰਗੀਨ ਪੱਤਿਆਂ ਉੱਪਰ ਪਈਆਂ ਸ਼ਬਨਮ ਦੀਆਂ ਬੂੰਦਾਂ ਆਲਿੰਗਨਤਾ ਵਿਚ ਓਤ-ਪੋਤ ਹੋ ਕੇ ਮੌਸਮ ਤੋਂ ਸਭ ਕੁਝ ਨੌਛਾਵਰ ਕਰ ਦਿੰਦੀਆਂ ਹਨ। ਕੂਲੇਪਣ ਦਾ ਅਹਿਸਾਸ ਅੰਗੜਾਈ ਲੈ ਕੇ ਕੁਦਰਤ ਦੇ ਅਨੋਖੇ ਸਿਰਜਨ ਦੀ ਤਪੱਸਿਆ ਵਿਚ ਮਗਨ ਹੋ ਜਾਂਦਾ ਹੈ।

ਇਸ ਮੌਸਮ ਵਿਚ ਲੋਕੀਂ ਸੈਰ ਦਾ ਪੂਰਾ-ਪੂਰਾ ਲੁਤਫ ਉਠਾਉਂਦੇ ਹੋਏ ਰੰਗਾਂ ਦੇ ਤਲਿਸਮੀ ਨਜ਼ਾਰੇ ਨੂੰ ਧਮਣੀਆਂ-ਸਿਰਾਵਾਂ ਵਿਚ ਸ਼ਾਮਿਲ ਕਰਦੇ ਹੋਏ ਆਨੰਦ ਵਿਭੋਰ ਹੋ-ਹੋ ਜਾਂਦੇ ਹਨ। ਸੁੰਦਰ ਦ੍ਰਿਸ਼, ਠੰਢਕਦਾਰ ਮੌਸਮ ਜਿਸਮ ਨੂੰ ਤਾਜ਼ਗੀ, ਸਫੂਰਤੀ ਨਾਲ ਨਿਹਾਲ ਕਰ ਦਿੰਦਾ ਹੈ।

**ਸੁੰਦਰ ਮੌਸਮ ਵਰਗੇ ਸੁੰਦਰ**
**ਲੋਕ ਹਨ ਏਧਰ।**
**ਰੱਖਾਂ ਦੇ ਸੁਭਾਅ ਵਰਗੇ,**
**ਰੰਗ-ਢੰਗ ਵਰਗੇ।**

ਦੁਪਹਿਰ ਨੂੰ ਰੰਗ-ਬਿਰੰਗੇ ਰੁੱਖਾਂ ਉੱਪਰ ਚਮਕਦਾਰ ਰੰਗੀਨੀ ਆਪਣੇ ਪਹਿਲੇ ਅਹਿਸਾਸ ਦੇ ਸੁਖਦ ਪਲਾਂ ਦੀ ਮਹਿਸੂਸਨ ਹਿਰਦੇ ਵਿਚ ਛੱਡਦੀ ਹੈ। ਦੁਪਹਿਰ ਵੇਲੇ ਗਿਰਗਿਟ ਵਾਂਗੂੰ ਰੰਗ ਬਦਲਦੇ ਪੱਤੇ ਇਵੇਂ ਪ੍ਰਤੀਤ ਹੁੰਦੇ ਜਿਵੇਂ ਰੰਗ-ਬਿਰੰਗੇ ਦੀਵੇ ਝਿਲਮਿਲਾ ਰਹੇ ਹੋਣ।

ਸ਼ਾਮ ਦਾ ਮੌਸਮ ਪਤਝੜ ਨੂੰ ਖਾਮੋਸ਼ ਲਹਿਰੀਏ ਦੇ ਨਿਰਾਲੇਪਣ ਵਿਚ ਠੰਢੀਆਂ ਠਾਰ ਹਵਾਵਾਂ ਨਾਲ ਹੋਰ ਝੂਮਦੇ ਪਲਾਂ ਦਾ ਅਹਿਸਾਸ ਕਰਵਾ ਕੇ ਆਪਣੀ ਸਾਰੇ ਬੀਤੇ ਜੀਵਨ ਦੀ ਵਰਤਮਾਨ ਆਤਮਕਥਾ ਰੰਗਾਂ ਦੀ ਛਹਿਬਰ ਵਿਚ ਪਿਰੋ ਦਿੰਦਾ ਹੈ। ਸ਼ਾਮ ਦਾ ਡੁੱਬ ਰਿਹਾ ਸੂਰਜ ਜਦ ਰੰਗ-ਬਿਰੰਗੇ ਰੁੱਖਾਂ ਵਿਚ



ਮੱਧਮ-ਮੰਥਨ ਲੋਅ ਵਿਚ ਪਰਿਪੂਰਨ ਹੋ ਕੇ ਰੁੱਖਾਂ ਦੀਆਂ ਰੰਗੀਨ ਟਹਿਣੀਆਂ ਵਿਚਕਾਰ ਫਸ ਜਾਂਦਾ ਹੈ ਤਾਂ ਆਲੌਕਿਕਤਾ ਦੀ ਪ੍ਰਭੂਸੱਤਾ ਨਾਲ ਧਰਤੀ ਦੀ ਗੋਦੀ ਵਿਚ ਵਿਆਪਕ ਸੁੰਦਰਤਾ ਮਾਨਵਤਾ-ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ।

ਕੁਦਰਤ ਜੀਵਨ ਦਾ ਨਾਮ ਹੈ ਅਤੇ ਖੁਸ਼ਬੂ ਉਸ ਦੀ ਮਿਠਾਸ, ਇਕ ਜੀਵਨ ਨੂੰ ਸੁਰੱਖਿਅਤ ਰੱਖਦਾ ਹੈ ਤੇ ਦੂਸਰਾ ਉਸ ਨੂੰ ਮਧੁਰ ਬਣਾਉਂਦਾ ਹੈ।

ਚਾਂਦਨੀ ਰਾਤ ਵਿਚ ਰੰਗ-ਬਿਰੰਗੇ ਲਹਿ-ਲਹਿਰਾਂਦੇ ਰੁੱਖਾਂ ਦੇ ਪੱਤੇ ਚਾਂਦਨੀ ਨੂੰ ਅਪਣਾਉਂਦੇ ਹੋਏ ਗਠੀਲਾ ਆਕਰਸ਼ਣ ਅਤੇ ਸੁਗਬੁਗਾਹਟ ਦਾ ਗੁਨਗੁਨਾ ਜਿਹਾ ਸਵਾਦ, ਸੰਤੋਸ਼ ਤੇ ਸੁੱਖ ਦੇ ਸੰਸਕਾਰ ਨਿਰਮਾਣ ਕਰਦਾ ਹੈ। ਕੁਦਰਤ ਦੇ ਰੰਗ ਹੀ ਧਰਮ ਭੂਮੀ, ਕਰਮ ਭੂਮੀ, ਪੁੰਨ ਭੂਮੀ ਨੂੰ ਸਵਰਗ ਦਾ ਰੂਪ ਦੇ ਕੇ ਸੁੰਦਰਤਾ ਨੂੰ ਮਨੁੱਖ ਲਈ ਮਖਮੂਰ ਕਿਰਿਆਵਾਂ ਦੀ ਲੱਜ਼ਤ ਦਿੰਦੀ ਹੈ।

ਪਤਝੜ ਦੇ ਰੁੱਖ ਬਰਫ ਦੇ ਤੋਦਿਆਂ ਦੀ ਭਰਮਾਰ ਨਾਲ ਲੱਦੇ ਜਾਂਦੇ ਹਨ। ਸਫੈਦ ਰੰਗ ਦੀ ਬਰਫੀਲੀ ਚਾਦਰ ਆਪਣੇ ਆਸ਼ੀਰਵਾਦ ਨਾਲ ਇਕ ਬੇਇੰਤਹਾ ਨਜ਼ਾਰਾ ਦੇ ਕੇ ਭਵਿੱਖ ਦੀ ਮੁੱਖ ਕ੍ਰਿਤੀ ਤੋਂ ਵਾਕਿਫ ਕਰਵਾ ਦਿੰਦੀ ਹੈ। ਇਹ ਮੌਸਮ ਮੁਸ਼ਕਿਲਾਂ ਅਤੇ ਪਰਵਾਹ ਦਾ ਮੌਸਮ ਹੁੰਦਾ ਹੈ।

ਝੀਲਾਂ ਦੁਆਲੇ ਰੰਗ-ਬਿਰੰਗੇ ਰੁੱਖਾਂ ਦੇ ਝੁਰਮਟ ਪਾਣੀਆਂ ਦੀ ਹਿੱਕ ਉੱਪਰ ਪਰਛਾਇਆ ਦੀ ਲੈਆਤਮਿਕ ਕ੍ਰਿਤੀ ਬਣਾ ਕੇ ਪਾਣੀ 'ਤੇ ਨੰਗੀ ਚਿੱਤਰਕਾਰੀ ਉਕੇਰ ਦਿੰਦੇ ਹਨ।

ਪਹਾੜਾਂ ਉੱਪਰ ਤਰ੍ਹਾਂ-ਤਰ੍ਹਾਂ ਦੇ ਰੁੱਖਾਂ ਦੀਆਂ ਪਰਜਾਤੀਆਂ ਤੋਂ ਇਲਾਵਾ ਇਕ ਹੀ ਸ਼੍ਰੇਣੀ ਦੇ ਅਨੇਕਾਂ ਰੁੱਖਾਂ ਨੂੰ ਆਇਤਕਾਰ, ਗੋਲਾਕਾਰ, ਚੌਰਸ, ਚੌਪਟ ਆਦਿ ਰੂਪਾਂ ਵਿਚ ਅਲੰਕਾਰਿਤ ਕੀਤਾ ਹੋਇਆ ਹੈ। ਦੂਰ ਤੋਂ ਪਤਝੜ ਦੇ ਰੰਗਾਂ ਦੀ ਖਾਮੋਸ਼ੀ ਇਕ ਸਿਮਰਤੀ ਦਾ ਜਨਮ ਉਤਪੰਨ ਕਰਕੇ ਦਿਮਾਗ ਵਿਚ ਸਦੀਵੀ ਸੁੰਦਰ ਚਿਤਰਨ ਉਕੇਰ ਦਿੰਦੀ ਹੈ ਜੋ ਸਾਲਾਂ ਤੱਕ ਮਸਤਕ ਵਿਚ ਜੀਵੰਤ ਰਹਿੰਦੀ ਹੈ।

ਕਨੇਡਾ ਵਿਚ ਰੁੱਖਾਂ ਦੀ ਮਨੁੱਖ ਨਾਲੋਂ ਵੀ ਜ਼ਿਆਦਾ ਸਮਰਥਵਾਨ ਕਦਰਾਂ ਕੀਮਤਾਂ ਹਨ। ਕਨੇਡਾ ਦਾ ਰਾਸ਼ਟਰੀਏ ਝੰਡਾ ਇਸ ਗੱਲ ਦੀ ਸਹਿਮਤੀ ਭਰਦਾ ਹੈ। ਕਨੇਡਾ ਦੇ ਝੰਡੇ ਵਿਚ ਗਿਆਰਾਂ ਨੁਕਰੀ ਲਾਲ ਰੰਗ ਦਾ ਪੱਤਾ ਹੈ। ਦੋਵੇਂ ਪਾਸੇ ਲਾਲ ਰੰਗ ਵਿਚਕਾਰ ਚਿੱਟੇ ਰੰਗ ਲਾਲ ਰੰਗ ਦਾ ਪੱਤਾ ਹੈ ਜਿਸ ਦਾ ਮਤਲਬ ਕਿ ਸਾਰੀ ਦੁਨੀਆਂ, ਕਾਏਨਾਤ ਦੇ ਪ੍ਰਾਣੀਆਂ ਦੇ ਲਹੂ ਦਾ ਰੰਗ ਲਾਲ ਹੁੰਦਾ ਹੈ। ਸਾਂਝੀਵਾਲਤਾ ਦਾ ਸੰਦੇਸ਼। ਲਾਲ ਰੰਗ ਗੌਰਵ ਸ਼ਕਤੀ ਦਾ ਪ੍ਰਤੀਕ ਹੈ ਇਹ ਪੱਤਝੜ ਦਾ ਪੱਤਾ।

*ਐਡਮਿੰਟਨ, ਕਨੇਡਾ*
*780-807-6007*

ਬਾਕੀ ਸਫਾ 3 ਦੀ

## ਕਣਕ ਵਿਚ ਫਾਸਫੋਰਸ ਖਾਦਾਂ ਦੀ ਸੁਚੱਜੀ ਵਰਤੋਂ ਦੇ ਨੁਕਤੇ

ਦੋਨਾਂ ਫਸਲਾਂ ਨੂੰ ਫਾਸਫੋਰਸ ਵਾਲੀ ਖਾਦ ਪਾਉਣ ਦੀ ਲੋੜ ਨਹੀਂ ਹੈ।

★ **ਜੀਵਾਣੂੰ ਖਾਦ** : ਬੀਜ ਨੂੰ ਸਿਫਾਰਸ਼ ਕੀਤੀ ਜੀਵਾਣੂੰ ਖਾਦ ਦਾ ਟੀਕਾ ਲਗਾ ਕੇ ਬੀਜੋ। ਕਣਕ ਦੇ ਕਨਸ਼ੋਰਸ਼ੀਅਮ ਜੀਵਾਣੂੰ ਖਾਦ ਵਿਚ ਫਾਸਫੇਟ ਸੋਲੂਬਲਾਇਜਰ ਬੈਕਟੀਰੀਆ ਹੁੰਦਾ ਹੈ ਜੋ ਕਿ ਅਘੁਲਣਸ਼ੀਲ ਫਾਸਫੋਰਸ ਨੂੰ ਪੌਦਿਆਂ ਲਈ ਉਪਲਬਧ ਰੂਪ ਵਿਚ ਬਦਲਦਾ ਹੈ। ਬੀਜ ਨੂੰ ਕੀਟਨਾਸ਼ਕਾਂ



ਦੀ ਵਰਤੋਂ ਤੇ ਘੱਟੋ-ਘੱਟ 6 ਘੰਟੇ ਬਾਅਦ ਕਨਸ਼ੋਰਸ਼ੀਅਮ ਜੀਵਾਣੂੰ ਖਾਦ ਕਣਕ ਦੇ ਬੀਜ ਨੂੰ ਲਾਓ। 500 ਗ੍ਰਾਮ ਕਨਸ਼ੋਰਸ਼ੀਅਮ ਜੀਵਾਣੂੰ ਖਾਦ ਨੂੰ ਇੱਕ ਲਿਟਰ ਪਾਣੀ ਵਿਚ ਮਿਲਾ ਕੇ ਕਣਕ ਦੇ ਪ੍ਰਤੀ ਏਕੜ ਬੀਜ ਨਾਲ ਚੰਗੀ ਤਰ੍ਹਾਂ ਮਿਲਾ ਲਓ। ਸੋਧੇ ਬੀਜ ਨੂੰ ਪੱਕੇ ਫਰਸ਼ ਤੇ ਖਿਲਾਰ ਕੇ ਛਾਵੇਂ ਸੁਕਾ ਲਓ ਅਤੇ ਛੇਤੀ ਬੀਜ ਦਿਓ। ਜੀਵਾਣੂੰ ਖਾਦਾਂ ਦੇ ਇਹ ਟੀਕੇ ਪੰਜਾਬ ਐਗਰੀਚਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਗੇਟ ਨੰ. 1 ਤੇ ਬੀਜਾਂ ਦੀ ਦੁਕਾਨ ਅਤੇ ਵੱਖੋ-ਵੱਖਰੇ ਜ਼ਿਲ੍ਹਿਆਂ ਵਿਚ ਕ੍ਰਿਸ਼ੀ ਵਿਗਿਆਨ ਕੇਂਦਰਾਂ / ਫਾਰਮ ਸਲਾਹਕਾਰ ਕੇਂਦਰਾਂ ਤੋਂ ਮਿਲਦੇ ਹਨ।

★ **ਜੈਵਿਕ ਖਾਦਾਂ** : ਜਿੱਥੇ ਝੋਨੇ ਦੀ ਪਰਾਲੀ ਖੇਤ ਵਿਚ ਲਗਾਤਾਰ ਰੱਖੀ ਹੋਵੇ ਜਾਂ ਵਾਹੀ ਹੋਵੇ ਅਤੇ ਜੈਵਿਕ ਮਾਦਾ 'ਵੱਧ' ਸ਼੍ਰੇਣੀ ਵਿਚ ਆ ਜਾਵੇ ਉਨ੍ਹਾਂ ਖੇਤਾਂ ਵਿਚ ਬਿਜਾਈ ਵੇਲੇ 27 ਕਿਲੋ ਡੀ ਏ ਪੀ ਪ੍ਰਤੀ ਏਕੜ ਹੀ ਵਰਤੋ। ਜੇਕਰ ਝੋਨੇ ਵਿਚ 2.5 ਟਨ ਪ੍ਰਤੀ ਏਕੜ ਮੁਰਗੀਆਂ ਦੀ ਖਾਦ/6 ਟਨ ਪ੍ਰਤੀ ਏਕੜ ਪ੍ਰੈਸਮੱਡ/2.4 ਟਨ ਗੋਬਰ ਗੈਸ ਪਲਾਂਟ ਵਿੱਚੋਂ ਨਿਕਲੀ ਹੋਈ ਸਲੱਰੀ ਨੂੰ ਸੁੱਕਣ ਜਾਂ ਉਪਰੰਤ ਪਾਣੀ ਹੋਵੇ ਤਾਂ ਕਣਕ ਵਿਚ ਅੱਧੀ ਫਾਸਫੋਰਸ ਦੀ ਬੱਚਤ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਕਣਕ ਨੂੰ ਝੋਨੇ ਦੀ ਫੱਕ ਦੀ ਸਵਾਹ ਜਾਂ ਗੰਨੇ ਦੀ ਗੁੱਦੀ ਦੀ ਸਵਾਹ 4 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਅਖੀਰਲੀ ਵਹਾਈ ਤੋਂ ਪਹਿਲਾਂ ਪਾਓ ਅਤੇ ਬਿਜਾਈ ਵੇਲੇ ਸਿਫਾਰਸ਼ ਕੀਤੀ ਫਾਸਫੋਰਸ ਦੀ ਅੱਧੀ ਮਾਤਰਾ (28 ਕਿਲੋ ਡੀ ਏ ਪੀ ਜਾਂ 75 ਕਿਲੋ ਸੁਪਰ ਫਾਸਫੇਟ) ਹੀ ਵਰਤੋ। ਰੂੜੀ ਦੀ ਹਰ 10 ਕੁਇੰਟਲ ਮਾਤਰਾ ਪਿੱਛੇ ਇਕ ਕਿਲੋ ਫਾਸਫੋਰਸ ਘੱਟ ਪਾਓ।

ਕਿਸਾਨ ਵੀਰ ਉੱਪਰ ਦਿੱਤੇ ਤਰੀਕਿਆਂ ਨਾਲ ਕਣਕ ਵਿਚ ਫਾਸਫੋਰਸ ਤੱਤ ਦੀ ਸੁਚੱਜੀ ਵਰਤੋਂ ਕਰਕੇ ਖੇਤੀ ਖਰਚੇ ਘਟਾ ਕੇ ਪੂਰਾ ਝਾੜ ਲੈ ਸਕਦੇ ਹਨ।

## ਪਸ਼ੂ ਪਾਲਕ ਵੀਰਾਂ ਵੱਲੋਂ

# ਪਰਾਲੀ ਦੀ ਸੁਚੱਜੀ ਵਰਤੋਂ

ਅਜੀਤਪਾਲ ਸਿੰਘ ਧਾਲੀਵਾਲ, ਗੁਰਦੀਪ ਸਿੰਘ ਸਿੱਧੂ ਅਤੇ ਅਜੈ ਗੋਧਾਰਾ,
ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ (ਮੋਬਾਇਲ : 98142-49159)



**ਪਰਾਲੀ ਦੀ ਯੋਗ ਵਰਤੋਂ ਕਰਕੇ ਇਸ ਦਾ ਲਾਭ ਲਿਆ ਜਾ ਸਕਦਾ ਹੈ । ਝੋਨੇ ਦੀ ਪਰਾਲੀ ਦੀ ਪਸ਼ੂ ਪਾਲਣ ਵਿਚ ਵਰਤੋਂ ਹੇਠ ਲਿਖੇ ਤਰੀਕਿਆਂ ਨਾਲ ਸੰਭਵ ਹੋ ਸਕਦੀ ਹੈ ।**

**ਯੂਰੀਆ ਅਤੇ ਸ਼ੀਰੇ ਨਾਲ ਪਰਾਲੀ ਸੋਧਣਾ** : ਇਕ ਕਿਲੋ ਯੂਰੀਆ ਅਤੇ ਤਿੰਨ ਕਿਲੋ ਸ਼ੀਰੇ ਨੂੰ 10 ਲੀਟਰ ਪਾਣੀ ਵਿਚ ਘੋਲ ਲਵੋ । ਇਹ ਘੋਲ ਇਕ ਕੁਇੰਟਲ ਪਰਾਲੀ ਨੂੰ ਸੋਧਣ ਲਈ ਵਰਤੋ । ਪਰਾਲੀ ਨੂੰ ਚੰਗੀ ਤਰ੍ਹਾਂ ਖਿਲਾਰ ਕੇ ਇਸ ਘੋਲ ਨਾਲ ਸੋਧਿਆ ਜਾ ਸਕਦਾ ਹੈ ਜਾਂ ਫਿਰ ਟੋਟਲ ਮਿਕਸਡ ਰਾਸ਼ਨ (T.M.R.) ਮਸ਼ੀਨ ਨਾਲ ਮਿਲਾ ਸਕਦੇ ਹਾਂ । ਇਹ ਤਕਰੀਬਨ 10-15 ਮਿੰਟਾਂ ਬਾਅਦ ਖਾਣ ਲਈ ਤਿਆਰ ਹੋ ਜਾਂਦਾ ਹੈ । ਇਹ ਸੋਧੀ ਪਰਾਲੀ ਨਮਕ ਅਤੇ ਧਾਤਾਂ ਦਾ ਚੂਰਾ ਮਿਲਾਉਣ ਉਪਰੰਤ ਵੰਡ ਵਿਚ ਦੋ ਪ੍ਰਤੀਸ਼ਤ ਤੱਕ ਵਰਤੀ ਜਾ ਸਕਦੀ ਹੈ । ਦੁੱਧੋਂ ਭੱਜੇ ਜਾਨਵਰਾਂ ਲਈ ਇਸ ਦੀ ਵਰਤੋਂ ਹਰੇ ਚਾਰੇ ਨਾਲ 4-5 ਕਿਲੋ ਮਿਲਾ ਕੇ ਕਰ ਸਕਦੇ ਹਾਂ ।

**ਪਰਾਲੀ ਨੂੰ ਯੂਰੀਆ ਨਾਲ ਸੋਧਣਾ** : ਸਾਫ-ਸੁਥਰੀ ਜਗ੍ਹਾ ਉੱਪਰ ਚਾਰ ਕੁਇੰਟਲ ਪਰਾਲੀ ਵਿਛਾ ਲਵੋ । ਇਸ ਉੱਪਰ 14 ਕਿਲੋ ਯੂਰੀਆ 100 ਲਿਟਰ ਪਾਣੀ ਵਿਚ ਮਿਲਾ ਕੇ ਛਿੜਕਾਅ ਦਿਓ । ਇਸ ਘੋਲ ਦਾ ਛਿੜਕਾਅ ਸਿੱਧਾ ਜਾਂ ਇੱਕ-ਦੋ ਤਹਿ ਵਿਚ ਵਿਛਾ ਕੇ ਕਰੋ ਤਾਂ ਜੋ ਸਾਰੀ ਪਰਾਲੀ ਪੂਰੀ ਤਰ੍ਹਾਂ ਸੋਧੀ ਜਾ ਸਕੇ । ਇਸ ਨੂੰ 9-10 ਦਿਨਾਂ ਲਈ ਢੱਕ ਦੇ ਰੱਖ ਦਿਓ । ਇਸ ਤਰ੍ਹਾਂ ਢਕੀ ਪਰਾਲੀ ਅੰਦਰ ਤਾਪਮਾਨ 50-55 ਡਿਗਰੀ ਫਾਰਨਹੀਟ ਹੋ ਜਾਂਦਾ ਹੈ ਜੋ ਕਿ ਰੇਸ਼ੇ ਅਤੇ ਲਿਗਨਿਨ ਦੇ ਟੁੱਟਣ ਵਿਚ ਮਦਦ ਕਰਦਾ ਹੈ । ਇਹ ਸੋਧੀ ਹੋਈ ਪਰਾਲੀ ਵਿਚ ਖੁਰਾਕੀ ਤੱਤ ਵਧਦੇ ਹਨ । ਇਹ ਸੋਧੀ ਪਰਾਲੀ ਨਰਮ ਅਤੇ ਸੁਆਦਲੀ ਹੋ ਜਾਂਦੀ ਹੈ । ਇਸ ਤਰ੍ਹਾਂ ਅਸੀਂ ਆਸਾਨੀ ਨਾਲ ਪਰਾਲੀ ਦੀ ਵਰਤੋਂ ਖੁਰਾਕ ਵਿਚ ਕਰਨ ਨਾਲ ਸਸਤੀ ਖੁਰਾਕ, ਸੁਆਦਲੀ ਅਤੇ ਤੱਤਾਂ ਭਰਪੂਰ ਤਿਆਰ ਕਰ ਸਕਦੇ ਹਾਂ ।

ਸੋਧੀ ਹੋਈ ਪਰਾਲੀ ਵਿਚ ਕੱਚੀ ਪ੍ਰੋਟੀਨ 6-8% ਪਾਚਣਯੋਗ ਪ੍ਰੋਟੀਨ 3-4% ਪਾਚਣਯੋਗ ਰੇਸ਼ਾ 70-75% ਕੁੱਲ ਪਾਚਣਯੋਗ ਤੱਤ 50-55% ਤੱਕ ਪਹੁੰਚ ਜਾਂਦੇ ਹਨ । ਪਸ਼ੂਆਂ ਵਿਚ ਸੋਧੀ ਹੋਈ ਪਰਾਲੀ ਦੀ ਵਰਤੋਂ ਲਈ ਪਸ਼ੂ ਨੂੰ ਥੋੜ੍ਹਾ-ਥੋੜ੍ਹਾ ਕਰਕੇ ਗਿਜਾਉਣਾ ਚਾਹੀਦਾ ਹੈ ।

**ਡੇਅਰੀ ਸ਼ੈਡ ਵਿਚ ਵਰਤੋਂ** : ਸਰਦੀ ਤੋਂ ਬਚਾਅ ਲਈ ਪਰਾਲੀ ਦੀ ਸੁੱਕ ਵਜੋਂ ਵਰਤੀ ਕੀਤੀ ਜਾ ਸਕਦੀ ਹੈ । ਪਰਾਲੀ ਦੇ ਬੈੱਡ ਬਹੁਤ ਹੀ ਆਰਾਮਦਾਇਕ ਸਿੱਧ ਹੁੰਦੇ ਹਨ । ਇਹ ਪਰਾਲ ਗੋਹੇ ਨਾਲ ਮਿਲ ਕੇ ਬਹੁਤ ਵਧੀਆ ਖਾਦ ਤਿਆਰ ਕਰਦਾ ਹੈ ਜੋ ਕਿ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਦਾ ਕੰਮ ਕਰਦਾ ਹੈ ।

**ਸੋਧੀ ਹੋਈ ਪਰਾਲੀ ਵਰਤਣ ਦੇ ਫਾਇਦੇ** :

★ ਸੋਧੀ ਪਰਾਲੀ ਆਸਾਨੀ ਨਾਲ ਖਾਦੀ ਜਾਂਦੀ ਹੈ ਅਤੇ ਬਹੁਤ ਛੇਤੀ ਹਜ਼ਮ ਹੋ ਜਾਂਦੀ ਹੈ ।

★ ਪਰਾਲੀ ਤੂੜੀ ਨਾਲੋਂ ਸਸਤੀ ਹੋਣ ਕਰਕੇ ਦੁੱਧ ਦੀ ਪੈਦਾਵਾਰ ਉੱਪਰ ਖਰਚਾ ਘਟਾਉਂਦੀ ਹੈ ।

★ ਸੋਧੀ ਪਰਾਲੀ ਸਰੀਰਕ ਵਧੇ ਤੇ ਦੁੱਧ ਪੈਦਾਵਾਰ ਵਿਚ ਵਾਧਾ ਕਰਦੀ ਹੈ ।

★ ਸੋਧੀ ਪਰਾਲੀ ਵਿਚ ਪ੍ਰੋਟੀਨ ਦੀ ਮਾਤਰਾ ਵਧਦੀ ਹੈ ਅਤੇ ਪਾਚਣਸ਼ੀਲਤਾ ਉੱਪਰ ਪ੍ਰਭਾਵ ਪੈਂਦਾ ਹੈ ।

**ਪਰਾਲੀ ਖੁਰਾਕ ਵਿਚ ਵਰਤਣ ਸੰਬੰਧੀ ਜਰੂਰੀ ਗੱਲਾਂ** :

★ ਛੋਟੀ ਉਮਰ ਦੇ ਕਟੜੇ-ਵਛੜੇ (4 ਮਹੀਨੇ ਤੋਂ ਘੱਟ) ਵਿਚ ਕਦੇ ਨਾ ਵਰਤੋਂ ।

★ ਪੰਛੀਆਂ ਅਤੇ ਘੋੜਿਆਂ ਲਈ ਬਹੁਤ ਹਾਨੀਕਾਰਕ ਹੈ ।

★ ਸੋਧੀ ਤੂੜੀ ਵਰਤਣ ਵੇਲੇ ਖੁਰਾਕ ਵਿਚ ਯੂਰੀਆ ਦੀ ਮਾਤਰਾ ਕਦੇ ਨਾ ਵਰਤੋਂ ।

★ ਉੱਲੀ ਵਾਲੀ ਪਰਾਲ ਕਦੇ ਨਾ ਵਰਤੋ ।

★ ਯੂਰੀਆ ਅਤੇ ਸ਼ੀਰਾ ਸਿਫਾਰਸ਼ ਮਾਤਰਾ ਤੋਂ ਵੱਧ ਕਦੇ ਨਾ ਪਾਓ ।

★ ਸੋਧੀ ਪਰਾਲੀ ਨਾਲ ਧਾਤਾਂ ਦਾ ਚੂਰਾ ਹਮੇਸ਼ਾ ਵਰਤੋ ।

ਇਹ ਸਭ ਨੁਕਤੇ ਪਰਾਲੀ ਦਾ ਸੁਚੱਜੀ ਵਰਤੋਂ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ । ਪਰ ਧਿਆਨਯੋਗ ਨੁਕਤੇ ਹਮੇਸ਼ਾਂ ਯਾਦ ਰੱਖੋ ਅਤੇ ਪ੍ਰਮਾਣਿਤ ਮਾਤਰਾ ਤੋਂ ਵੱਧ ਕੋਈ ਵੀ ਚੀਜ਼ ਦੀ ਵਰਤੋਂ ਨਾ ਕਰੋ ।

---

## ਤੁਪਕਾ ਸਿੰਚਾਈ ਪ੍ਰਣਾਲੀ ਲਗਾਉਣ ਤੋਂ ਪਹਿਲਾਂ ਕੁਝ ਬੁਨਿਆਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ

# ਤੁਪਕਾ ਸਿੰਚਾਈ ਪ੍ਰਣਾਲੀ ਦੀ ਮੁਰੰਮਤ ਅਤੇ ਸਾਂਭ-ਸੰਭਾਲ

ਡਾ. ਜੁਗਰਾਜ ਸਿੰਘ, ਡਾ. ਦੇਨੇਸਵਰ ਮਦਨੇ, ਡਾ. ਰਾਕੇਸ਼



ਫਸਲ ਦੀ ਉਤਪਾਦਕਤਾ ਵਧਾਉਣ ਵਿਚ ਤੁਪਕਾ ਸਿੰਚਾਈ ਦਾ ਅਹਿਮ ਰੋਲ ਹੈ । ਤੁਪਕਾ ਸਿੰਚਾਈ ਪ੍ਰਣਾਲੀ ਤੋਂ ਸਹੀ ਕੰਮ ਲੈਣ ਲਈ ਇਹ ਜ਼ਰੂਰੀ ਹੈ ਕਿ ਇਸ ਦੀ ਸੰਭਾਲ ਚੰਗੇ ਤਰੀਕੇ ਨਾਲ ਕੀਤਾ ਜਾਵੇ । ਕਿਸੇ ਵੀ ਜਗ੍ਹਾ 'ਤੇਤੁਪਕਾ ਸਿੰਚਾਈ ਪ੍ਰਣਾਲੀ ਲਗਾਉਣ ਤੋਂ ਪਹਿਲਾਂ ਕੁਝ ਬੁਨਿਆਦੀ ਜਾਣਕਾਰੀ ਹੋਣ ਬਹੁਤ ਜ਼ਰੂਰੀ ਹੈ ।

ਇਸ ਜਾਣਕਾਰੀ ਵਿਚ ਮਿੱਟੀ ਦੀ ਕਿਸਮ, ਪਾਣੀ ਦੀ ਗੁਣਵੱਤਾ ਫਸਲ ਦੀ ਕਿਸਮ, ਫਸਲ ਦੀਆਂ ਕਤਾਰਾਂ ਵਿਚ ਵਿੱਥ, ਖੇਤ ਦਾ ਆਕਾਰ ਅਤੇ ਖੇਤਰਫਲ ਸ਼ਾਮਲ ਹੈ । ਸਿੰਚਾਈ ਪ੍ਰਣਾਲੀ ਵਿਚਲੇ ਪੰਪ ਦੀ ਚੋਣ ਕਿੰਨਾ ਹੈੱਡ ਰੱਖਿਆ ਜਾਣਾ ਹੈ, ਡਿਸਚਾਰਜ ਕਿੰਨਾ ਹੈ ਅਤੇ ਪੰਪ ਦਾ ਹਾਰਸ ਪਾਵਰ ਕਿੰਨੀ ਚਾਹੀਦੀ ਹੈ, ਇਸ ਉੱਪਰ ਨਿਰਭਰ ਕਰਦਾ ਹੈ ਅਤੇ ਇਸ ਤੋਂ ਬਾਅਦ ਮੇਨ ਲਾਈਨ, ਸਬ ਮੇਨ ਲਾਈਨ, ਅਤੇ ਲੇਟਰਲ ਪਾਈਪਾਂ ਦੀ ਚੋਣ ਪਾਣੀ ਦੇ ਵਹਾਅ ਦਰ ਨੂੰ ਵੇਖ ਕੇ ਕੀਤੀ ਜਾਂਦੀ ਹੈ ।

ਬਾਗਬਾਨੀ ਫਸਲਾਂ ਵਿਚ ਜੇਕਰ ਬੂਟੇ ਤੋਂ ਬੂਟੇ ਦੀ ਦੂਰੀ ਜ਼ਿਆਦਾ ਹੋਣ ਕਰ ਕੇ ਆਨਲਾਈਨ ਪਾਈਪਾਂ ਤੇ ਡਰਿੱਪਰ ਦੀ ਵਰਤੋਂ ਕੀਤੀ ਜਾਂਦੀ ਹੈ । ਜੇਕਰ ਖੇਤਰ ਅਵਾਰਾ ਪਸ਼ੂਆਂ ਤੋਂ ਸੁਰੱਖਿਅਤ ਹੈ ਅਤੇ ਫਸਲ ਵਿਚ ਬੂਟੇ ਤੋਂ ਬੂਟੇ ਦੀ ਦੂਰੀ ਨਿਸ਼ਚਿਤ ਹੈ ਤਾਂ ਇਨ ਲਾਈਨ ਲੇਟਰਲ ਦੀ ਵਰਤੋਂ ਕੀਤੀ ਜਾਂਦੀ ਹੈ ਜੇਤਰ ਖੇਤਰ ਦੀ ਭੂਗੋਲਿਕ ਸਥਿਤੀ ਉੱਚੀ ਨੀਵੀਂ ਹੈ ਤਾਂ ਆਨਲਾਈਨ ਜਾਂ ਇਨਲਾਈਨ ਲੇਟਰਲ ਵਿਚ ਪ੍ਰੈਸ਼ਰ ਕੰਪਨਸੈਟਿੰਗ ਡਰਿੱਪਰ ਦੀ ਵਰਤੋਂ ਕੀਤੀ ਜਾਂਦੀ ਹੈ ।

**ਡਰਿੱਪ ਲਗਾਉਣ ਉਪਰੰਤ ਡਰਿਪ ਸੈੱਟ ਦੀ ਸਾਂਭ-ਸੰਭਾਲ** : ਡਰਿੱਪ ਲਗਾਉਣ ਉਪਰੰਤ ਲੇਟਰਲ ਦੇ ਅਖੀਰ ਵਿਚਲੇ ਐਂਡ ਕੈਪ ਨੂੰ ਖੋਲ੍ਹ ਕੇ ਪਾਣੀ 5 ਤੋਂ 10 ਮਿੰਟ ਲਈ ਖੁੱਲ੍ਹਾ ਚਲਾ ਕੇ ਦੇਖਣਾ ਚਾਹੀਦਾ ਹੈ ਤਾਂ ਜੋ ਲੇਟਰਲ ਵਿਚ ਮੌਜੂਦ ਕੋਈ ਗੰਦਗੀ ਖੁੱਲ੍ਹੇ ਪਾਣੀ ਨਾਲ ਬਾਹਰ ਨਿਕਲ ਜਾਵੇ । ਜੇਕਰ ਚਲਾਉਣ ਸਮੇਂ ਡਰਿੱਪਰ ਜਾ ਕਿਸੇ ਜੋੜ ਤੋਂ ਪਾਣੀ ਦੀ ਲੀਕੇਜ ਮਹਿਸੂਸ ਹੋਵੇ ਤਾਂ ਉਸ ਹਿੱਸੇ ਦੀ ਤੁਰੰਤ ਬਦਲੀ ਕਰ ਦਿੱਤੀ ਜਾਣੀ ਚਾਹੀਦੀ ਹੈ । ਹਰ ਡਰਿੱਪਰ ਜਾਂ ਇਮੀਟਰ ਤੋਂ ਇਹ ਨੋਟ ਕਰੋ ਕਿ ਪਾਣੀ ਬਾਕੀ ਡਰਿੱਪਰ ਜਾਂ ਇਮੀਟਰ ਦੇ ਬਰਾਬਰ ਨਿਕਲੇ । ਇਸ ਲਈ ਅਲੱਗ-ਅਲੱਗ ਡਰਿੱਪਰ ਥੱਲੇ ਖੁੱਲ੍ਹੇ ਭਾਂਡੇ ਰੱਖ ਕੇ ਪ੍ਰਣਾਲੀ ਨੂੰ 5 ਮਿੰਟ ਚਲਾ ਕੇ ਇਨ੍ਹਾਂ ਭਾਂਡਿਆਂ ਵਿਚ ਇਕੱਠੇ ਹੋਏ ਪਾਣੀ ਨੂੰ ਵੇਖ ਕੇ ਅੰਦਾਜ਼ਾ ਲਗਾਓ ਕਿ ਹਰ ਭਾਂਡੇ ਵਿਚ ਪਾਣੀ ਇੱਕੋ ਜਿੰਨਾ ਹੀ ਹੋਵੇ । ਜੇਕਰ ਫਰਕ ਦਿਸੇ ਤਾਂ ਸਬੰਧਤ ਡਰਿੱਪਰ ਨੂੰ ਬਦਲ ਦਿਓ ।

**ਡਰਿੱਪ ਸਿਸਟਮ ਵਿਚ ਫਿਲਟਰਾਂ ਦੀ ਸੰਭਾਲ** : ਫਿਲਟਰ ਤੁਪਕਾ ਸਿੰਚਾਈ ਪ੍ਰਣਾਲੀ ਦਾ ਇਕ ਅਹਿਮ ਅੰਗ ਹੈ । ਫਿਲਟਰ ਦੀ ਚੋਣ ਪਾਣੀ ਦੇ ਸਮੇਂ ਅਤੇ ਉਸ ਦੀ ਗੁਣਵੱਤਾ 'ਤੇ ਨਿਰਭਰ ਕਰਦੀ ਹੈ । ਸਿੰਚਾਈ ਵਿਚ ਨਹਿਰੀ, ਦਰਿਆ, ਖੂਹ ਅਤੇ ਟਿਊਬਵੈੱਲ ਦੇ ਪਾਣੀ ਦੀ ਵਰਤੋਂ ਹੁੰਦੀ ਹੈ । ਰੇਤਾ ਵਾਲੇ ਸਕਰੀਨ ਫਿਲਟਰ ਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ, ਜਦੋਂ ਪਾਣੀ ਦਾ ਸੋਮਾ ਟੋਬਾ/ਡਿਗੀ ਹੋਵੇ । ਰੇਤ ਵਾਲੇ ਅਤੇ ਸਕਰੀਨ ਫਿਲਟਰ ਜੈਵਿਕ ਸਮੱਗਰੀ ਜਿਵੇਂ ਕਿ ਕਾਈ ਜਾਂ ਫਸਲੀ ਰਹਿੰਦ-ਖੂੰਹਦ ਨੂੰ ਫਿਲਟਰ ਕਰਨ ਲਈ ਵਰਤੇ ਜਾਂਦੇ ਹਨ । ਹਾਈਡ੍ਰੋਸਾਈਕਲੋਨ ਅਤੇ ਡਿਸਕ ਫਿਲਟਰ ਦੀ ਵਰਤੋਂ ਟਿਊਬਵੈੱਲ ਦੇ ਪਾਣੀ ਵਿਚਲੀ ਘੁਲੀ ਹੋਈ ਰੇਤਾ ਨੂੰ ਸਾਫ ਕਰਨ ਲਈ ਸੈਕੰਡਰੀ ਫਿਲਟਰ ਦੇ ਤੌਰ 'ਤੇ ਵਰਤੇ ਜਾਂਦੇ ਹਨ ।

**ਡਰਿੱਪਰ ਜਾਂ ਇਮੀਟਰ ਦਾ ਬੰਦ ਹੋਣਾ** : ਡਰਿੱਪਰ ਜਾਂ ਇਮੀਟਰ ਦਾ ਬੰਦ ਜਾਂ ਚੋਕ ਹੋਣਾ ਆਮ ਸਮੱਸਿਆ ਹੈ । ਡਰਿੱਪਰ ਚੋਕ ਨਾਲ ਪਾਣੀ ਇਕਸਾਰ ਨਹੀਂ ਲੱਗੇਗਾ ਅਤੇ ਉਤਪਾਦਨ ਪ੍ਰਭਾਵਿਤ ਹੋਵੇਗਾ । ਇਹ ਵੇਖਿਆ ਗਿਆ ਹੈ ਕਿ ਡਰਿੱਪਰ ਆਮ ਤੌਰ ਤੇ ਬਾਰਿਸ਼ ਜਾਂ ਮੀਂਹ ਦੌਰਾਨ ਬੰਦ ਜਾਂ ਚੋਕ ਹੋ ਜਾਂਦੇ ਹਨ ਜਦੋਂ ਖੇਤਾਂ ਵਿਚ ਮੀਂਹ ਪੈਣ ਸਮੇਂ ਪਾਣੀ ਖੜ੍ਹ ਜਾਂਦਾ ਹੈ । ਮੈਲਾ ਪਾਣੀ ਡਰਿੱਪਰ ਵਿਚ ਵੜ੍ਹ ਜਾਂਦਾ ਹੈ ਅਤੇ ਡਰਿੱਪਰ ਚੋਕ ਹੋ ਜਾਂਦੇ ਹਨ । ਕਈ ਵਾਰ ਫਿਲਟਰ ਸਿਸਟਮ ਵਿਚ ਨੁਕਸ ਪੈਣ ਨਾਲ ਵੀ ਇਮੀਟਰ ਚੋਕ ਹੋ ਜਾਂਦੇ ਹਨ । ਪਰ ਚੋਕਿੰਗ ਤੋਂ ਛੁਟਕਾਰਾ ਪਾਉਣ ਲਈ ਤੇਜ਼ਾਬ ਅਤੇ ਕਲੋਰੀਨ ਦੀ ਵਰਤੋਂ ਕੀਤੀ ਜਾਂਦੀ ਹੈ । ਸਮੇਂ-ਸਮੇਂ 'ਤੇ ਪ੍ਰਣਾਲੀ ਦੀ ਫਲੱਸ਼ਿੰਗ ਕਰਦੇ ਰਹਿਣ ਨਾਲ ਵੀ ਚੋਕਿੰਗ ਤੋਂ ਰਾਹਤ ਮਿਲਦੀ ਹੈ । ਡਰਿੱਪ ਪ੍ਰਣਾਲੀ ਦੇ ਸਹੀ ਚੱਲਣ ਲਈ ਸਮੇਂ-ਸਮੇਂ 'ਤੇ ਚੋਕਿੰਗ ਦਾ ਨਿਰੀਖਣ ਕਰਦੇ ਰਹੋ ।

**ਕਾਈ ਦੀ ਸਮੱਸਿਆ** : ਕਾਈ ਦੀ ਸਮੱਸਿਆ ਆਮ ਤੌਰ 'ਤੇ ਟੈਂਕ ਵਿਚ ਸਥਿਰ ਪਾਣੀ ਵਿਚ ਆ ਜਾਂਦੀ ਹੈ । ਡਰਿੱਪ ਸਿਸਟਮ ਵਿਚ ਕਾਈ ਦੀ ਸਮੱਸਿਆ ਉਦੋਂ ਆਉਂਦੀ ਹੈ, ਜਦੋਂ ਅਸੀਂ ਪਾਣੀ ਨੂੰ ਟੋਬਿਆਂ ਜਾਂ ਸਟੋਰੇਜ ਟੈਂਕ ਵਿਚੋਂ ਚੁੱਕ ਕੇ ਵਰਤਦੇ ਅਤੇ ਪਾਰਦਰਸ਼ੀ ਪਾਈਪਾਂ ਦੀ ਵਰਤੋਂ ਕਰਦੇ ਹਾਂ । ਇਸ ਲਈ ਤੁਪਕਾ ਸਿੰਚਾਈ ਪ੍ਰਣਾਲੀ ਵਿਚ ਪਾਈਪਾਂ ਨੂੰ ਮਿੱਟੀ ਦੇ ਹੇਠਾਂ ਦਬਾ ਕੇ ਰੱਖਿਆ ਜਾਂਦਾ ਹੈ ਅਤੇ ਕਾਲੇ ਰੰਗ ਦੀਆਂ ਲੇਟਰਲ ਪਾਈਪਾਂ ਦੀ ਵਰਤੋਂ ਕੀਤੀ ਜਾਂਦੀ ਹੈ । ਇਨ੍ਹਾਂ ਦੀ ਵਰਤੋਂ ਕਰਨ ਨਾਲ ਸੂਰਜੀ ਰੌਸ਼ਨੀ ਪਾਈਪਾਂ ਵਿਚੋਂ ਦੀ ਨਹੀਂ ਲੰਘਦੀ, ਜਿਸ ਕਰ ਕੇ ਇਨ੍ਹਾਂ ਵਿਚ ਕਾਈ ਨਹੀਂ ਜੰਮਦੀ । ਜੇਕਰ ਫਿਰ ਵੀ ਕਾਫੀ ਪਾਈਪਾਂ ਵਿਚ ਜੰਮ੍ਹ ਜਾਵੇ ਤਾਂ ਕਲੋਰੀਨੇਸ਼ਨ ਵਿਧੀ ਨਾਲ ਇਸ ਨੂੰ ਹਟਾਇਆ ਜਾ ਸਕਦਾ ਹੈ ।

ਕਈ ਵਾਰ ਘੁਲਣਸ਼ੀਲ ਖਾਦਾਂ ਦੀ ਵਰਤੋਂ ਨਾਲ ਵੀ ਡਰਿਪਰ ਕਲੋਗਿੰਗ ਦੀ ਸਮੱਸਿਆ ਆ ਜਾਂਦੀ ਹੈ । ਫਾਸਫੋਰਸ ਤੱਤ ਵਾਲੀ ਖਾਦ ਖਾਸ ਕਰਕੇ ਪਾਣੀ ਵਿਚਲੇ ਮਾਦੇ ਨਾਲ ਪ੍ਰਤੀਕਰਮ ਕਰਕੇ ਡਰਿੱਪਰ ਕਲੋਗ ਕਰ ਸਕਦੀ ਹੈ । ਕਲੋਰੀਨੇਸ਼ਨ ਨਾਲ ਇਸ ਸਮੱਸਿਆ ਦਾ ਹੱਲ ਹੋ ਸਕਦਾ ਹੈ ।

# ਆਲੂ ਅਤੇ ਟਮਾਟਰ ਉਤਪਾਦਕ ਪਿਛੇਤੇ ਝੁਲਸ ਰੋਗ ਤੋਂ ਰਹਿਣ ਸੁਚੇਤ

**ਅਮਰਜੀਤ ਸਿੰਘ, ਸੰਦੀਪ ਜੈਨ ਅਤੇ ਰਿਤੂ ਰਾਣੀ,**
**ਪੌਦਾ ਰੋਗ ਵਿਗਿਆਨ, ਪੀ. ਏ. ਯੂ., ਲੁਧਿਆਣਾ (ਮੋ. 94637-47280)**

ਪਿਛੇਤਾ ਝੁਲਸ ਰੋਗ ਆਲੂਆਂ ਅਤੇ ਟਮਾਟਰਾਂ ਦੀ ਇੱਕ ਗੰਭੀਰ ਸਮੱਸਿਆ ਹੈ। ਜੇਕਰ ਇਸ ਰੋਗ ਦਾ ਹੱਲਾ ਆਲੂਆਂ ਦੀ ਫਸਲ ਤੇ ਸ਼ੁਰੂ ਹੋ ਜਾਵੇ ਤਾਂ ਅਨੁਕੂਲ ਮੌਸਮ ਦੌਰਾਨ ਇਸ ਦਾ ਵਾਧਾ ਬਹੁਤ ਹੁੰਦਾ ਹੈ ਜਿਸ ਕਰਕੇ ਆਲੂਆਂ ਦੇ ਝਾੜ ਤੇ ਮਾੜਾ ਅਸਰ ਪੈ ਜਾਂਦਾ ਹੈ। ਇਸ ਰੋਗ ਦੇ ਹਮਲੇ ਨਾਲ ਪੱਤਿਆਂ ਦੇ ਕਿਨਾਰਿਆਂ ਤੇ ਪਾਣੀ ਭਿੱਜੇ ਗੂੜ੍ਹੇ ਭੂਰੇ ਰੰਗ ਦੇ ਧੱਬੇ (ਚੱਟਾਖ) ਪੈ ਜਾਂਦੇ ਹਨ ਜੋ ਕਿ ਬਾਅਦ ਵਿਚ ਕਾਲੇ ਹੋ ਜਾਂਦੇ ਹਨ ਅਤੇ ਸਵੇਰ ਵੇਲੇ ਵੇਖਣ ਤੇ ਪੱਤਿਆਂ ਦੇ ਹੇਠਲੇ ਪਾਸੇ ਚਿੱਟੀ ਰੂੰ ਵਰਗੀ ਉੱਲੀ ਵੀ



ਨਜ਼ਰ ਆਉਂਦੀ ਹੈ। ਜ਼ਿਆਦਾ ਅਨੁਕੂਲ ਮੌਸਮ (10-20 ਡਿਗਰੀ ਸੈਂਟੀਗ੍ਰੇਡ ਤਾਪਮਾਨ, 90 ਪ੍ਰਤੀਸ਼ਤ ਤੋਂ ਵੱਧ ਨਮੀਂ ਅਤੇ ਰੁੱਕ-ਰੁੱਕ ਕੇ ਬਾਰਿਸ਼ ਪੈਣਾ) ਦੌਰਾਨ ਇਹ ਰੋਗ ਬਹੁਤ ਤੇਜ਼ੀ ਨਾਲ ਫੈਲਦਾ ਹੈ ਅਤੇ ਅਜਿਹੇ ਮੌਸਮ ਵਿਚ 7-10 ਦਿਨਾਂ ਦੇ ਵਿੱਚ ਹੀ ਫਸਲ ਤਬਾਹ ਕਰ ਦਿੰਦਾ ਹੈ ਜਿਸ ਕਰਕੇ ਖੇਤ ਦੂਰੋਂ ਹੀ ਤਾਂ ਝੁਲਸ ਹੋਏ ਨਜ਼ਰ ਆਉਂਦੇ ਹਨ।

**ਅਨੁਕੂਲ ਹਾਲਾਤ** : ਪੰਜਾਬ ਵਿਚ ਝੁਲਸ ਰੋਗ ਦਾ ਹਮਲਾ ਅੱਧ ਨਵੰਬਰ ਦੇ ਨੇੜੇ-ਤੇੜੇ 40-50 ਦਿਨਾਂ ਦੀ ਫਸਲ ਤੇ ਨਜ਼ਰ ਆਉਂਦਾ ਹੈ। ਸਤੰਬਰ ਵਿਚ ਬੀਜੀ ਕੱਚੀ ਪੁਟਾਈ ਵਾਲੀ ਫਸਲ ਅਕਸਰ ਇਸ ਦੇ ਹਮਲੇ ਤੋਂ ਬਚ ਜਾਂਦੀ ਹੈ ਜਦੋਂ ਕਿ ਅਕਤੂਬਰ ਵਿਚ ਬੀਜੀ ਗਈ ਮੁੱਖ ਫਸਲ ਅਤੇ ਬਹਾਰ ਰੁੱਤ ਦੀ ਫਸਲ ਤੇ ਇਸ ਰੋਗ ਦਾ ਹਮਲਾ ਜ਼ਿਆਦਾ ਵੇਖਣ ਨੂੰ ਮਿਲਦਾ ਹੈ, ਕਿਉਂਕਿ ਨਵੰਬਰ-ਦਸੰਬਰ ਦੇ ਮਹੀਨੇ ਸਰਦੀਆਂ ਦੇ ਮੀਂਹ ਪੈਣ ਕਾਰਨ ਹਵਾ ਵਿਚਲੀ ਨਮੀਂ ਦੀ ਮਾਤਰਾ 90% ਤੋਂ ਜ਼ਿਆਦਾ ਹੋ ਜਾਂਦੀ ਹੈ ਅਤੇ ਨਾਲ ਦੀ ਨਾਲ ਦਿਨ ਵੇਲੇ ਬੱਦਲਵਾਈ ਜਾਂ 6-7 ਦਿਨਾਂ ਲਈ ਧੁੰਦ ਪਵੇ ਅਤੇ ਤਾਪਮਾਨ 10-20 ਡਿਗਰੀ ਰਹਿੰਦਾ ਹੋਵੇ ਤਾਂ ਪਿਛੇਤੇ ਝੁਲਸ ਰੋਗ ਦਾ ਹਮਲਾ ਪੱਤਿਆਂ ਅਤੇ ਤਣਿਆਂ ਉੱਪਰ ਜ਼ਿਆਦਾ ਦੇਖਣ 'ਚ ਆਉਂਦਾ ਹੈ।

ਪਿਛਲੇ ਸਾਲ ਨਵੰਬਰ ਮਹੀਨੇ ਮੀਂਹ ਪੈਣ ਕਰਕੇ ਮੌਸਮ ਇਸ ਰੋਗ ਦੇ ਹਮਲੇ ਅਤੇ ਵਾਧੇ ਲਈ ਅਨੁਕੂਲ ਹੋ ਗਿਆ ਸੀ ਅਤੇ ਇਸ ਦਾ ਹਮਲਾ ਇਸ ਦਾ ਹਮਲਾ ਨਵੰਬਰ ਦੇ ਦੂਜੇ ਪੰਦਰਵਾੜੇ ਲੁਧਿਆਣੇ ਜ਼ਿਲ੍ਹੇ ਦੇ ਸਮਰਾਲੇ ਨੇੜੇ ਲੱਗਦੇ ਪਿੰਡਾਂ ਹੇੜੀਆਂ, ਬਹਿਲੋਲਪੁਰ, ਬਰਮਾ, ਸਹਿਜੋ ਮਾਜਰਾ ਅਤੇ ਬਾਅਦ ਵਿਚ ਹੁਸ਼ਿਆਰਪੁਰ, ਪਟਿਆਲਾ, ਰੋਪੜ, ਸ਼ਹੀਦ ਭਗਤ ਸਿੰਘ ਨਗਰ ਦੇ ਕਈ ਪਿੰਡਾਂ ਵਿਚ ਵੇਖਿਆ ਗਿਆ। ਆਲੂਆਂ ਦੀ ਫਸਲ ਦੇ ਹਮਲੇ ਤੋਂ ਬਾਅਦ ਇਹ ਰੋਗ ਪਟਿਆਲਾ ਜ਼ਿਲ੍ਹੇ ਦੇ ਕਈ ਪਿੰਡਾਂ ਵਿਚ ਟਮਾਟਰਾਂ ਦੀ ਫਸਲ ਤੇ ਗੰਭੀਰ ਰੂਪ ਧਾਰਨ ਕਰ ਗਿਆ ਸੀ। ਜਿਹੜੇ ਕਿਸਾਨ ਵੀਰਾਂ ਨੇ ਸਮੇਂ ਸਿਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਿਸ਼ਾਂ ਮੁਤਾਬਿਕ ਛਿੜਕਾਅ ਕੀਤੇ ਉਨ੍ਹਾਂ ਦੀ ਫਸਲ ਇਸ ਰੋਗ ਤੋਂ ਬਚ ਗਈ ਹੈ। ਪਰ ਇਸ ਦੇ ਉਲਟ ਜਿਨ੍ਹਾਂ ਕਿਸਾਨਾਂ ਨੇ ਸਮੇਂ ਸਿਰ ਇਸ ਰੋਗ ਦੀ ਰੋਕਥਾਮ ਨਹੀਂ ਕੀਤੀ ਉੱਥੇ ਇਸ ਰੋਗ ਦਾ ਹਮਲਾ ਜ਼ਿਆਦਾ ਵੇਖਣ ਨੂੰ ਮਿਲਿਆ ਸੀ।

**ਬਚਾਅ** : ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਉਹ ਸਮੇਂ-ਸਮੇਂ ਸਿਰ ਆਪਣੇ ਖੇਤਾਂ ਦਾ ਸਰਵੇਖਣ ਕਰਦੇ ਰਹਿਣ ਅਤੇ ਜੇਕਰ ਖੇਤਾਂ ਵਿਚ ਝੁਲਸ ਰੋਗ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਫਸਲ ਤੇ



ਐਂਟਰਾਕੋਲ/ਕਵਚ/ਇੰਡੋਫਿਲ ਐਮ-45/ਮਾਸ ਐਮ-45/ਮਾਰਕਜ਼ੈਬ 500-700 ਗ੍ਰਾਮ ਜਾਂ ਮਾਰਕ ਕਾਪਰ/ਕਾਪਰ ਐਕਸੀਕਲੋਰਾਈਡ 750-1000 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 250-350 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨ। ਮੀਂਹ ਧੁੰਦ ਅਤੇ ਬੱਦਲਵਾਈ ਵਾਲੇ ਮੌਸਮ ਦੌਰਾਨ ਇਸ ਬਿਮਾਰੀ ਦੇ ਵੱਧਣ ਦਾ ਖਦਸ਼ਾ ਵੱਧ ਜਾਂਦਾ ਹੈ, ਇਸ ਕਰਕੇ ਅਜਿਹੇ ਮੌਸਮ ਦੌਰਾਨ ਸਿਸਟੈਮਿਕ ਉੱਲੀਨਾਸ਼ਕਾਂ ਜਿਵੇਂ ਕਿ 700 ਗ੍ਰਾਮ ਮਿਲੀਡਿਊ ਡਿਊ ਜਾਂ ਰਿਡੋਮਿਲ ਗੋਲਡ ਜਾਂ ਕਰਜ਼ੇਟ ਐਮ-8 ਜਾਂ ਸੈਕਟਿਨ ਜਾਂ ਰੀਵਸ 250 ਮਿ.ਲਿ. ਜਾਂ 200 ਮਿ. ਲਿ. ਈਕੂਏਸ਼ਣ ਪ੍ਰੋ ਨੂੰ 250-350 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦਾ ਹਿਸਾਬ 10 ਦਿਨਾਂ ਦੇ ਵਕਫੇ ਤੇ ਦੋ ਛਿੜਕਾਅ ਕਰਨ ਤਾਂ ਜੋ ਇਸ ਰੋਗ ਦੇ ਵਾਧੇ ਨੂੰ ਸਮੇਂ ਸਿਰ ਕਾਬੂ ਕੀਤਾ ਜਾ ਸਕੇ। ਇਸ ਰੋਗ ਦਾ ਹਮਲਾ ਆਲੂਆਂ ਤੋਂ ਇਲਾਵਾ ਨੈੱਟ / ਪੌਲੀਹਾਊਸ ਵਿਚ ਲੱਗੀ ਟਮਾਟਰਾਂ ਦੀ ਫਸਲ ਤੇ ਵੀ ਹੋ ਸਕਦਾ ਹੈ। ਟਮਾਟਰਾਂ ਦੀ ਕਾਸ਼ਤ ਕਰਨ ਵਾਲੇ ਕਿਸਾਨ ਵੀਰ ਸਮੇਂ ਸਿਰ ਛਿੜਕਾਅ ਕਰਕੇ ਆਪਣੀ ਟਮਾਟਰਾਂ ਦੀ ਫਸਲ ਨੂੰ ਇਸ ਰੋਗ ਤੋਂ ਬਚਾ ਸਕਦੇ ਹਨ।

# ਖੁੰਬਾਂ ਨੂੰ ਬਿਮਾਰੀਆਂ ਤੋਂ ਬਚਾਓ

**ਸੁਮਨ ਕੁਮਾਰੀ, ਪ੍ਰਭਜੋਤ ਕੌਰ ਅਤੇ ਹਰਿੰਦਰ ਸਿੰਘ,**
**ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ** (ਮੋ. 79736-40929)

ਖੁੰਬਾਂ ਇਕ ਪੌਸ਼ਟਿਕਤਾ ਨਾਲ ਭਰਪੂਰ ਖਾਦ ਪਦਾਰਥ ਹਨ, ਪਰ ਕਈ ਵਾਰ ਕੰਪੋਸਟ ਤਿਆਰ ਕਰਨ ਸਮੇਂ, ਕੇਸਿੰਗ ਮਿੱਟੀ ਦਾ ਖਰਾਬ ਵਾਤਾਵਰਣ, ਨਮੀਂ ਜਾਂ ਤਾਪਮਾਨ ਵਿਚ ਤਬਦੀਲੀ ਕਈ ਬਿਮਾਰੀਆਂ ਦਾ ਕਾਰਨ ਬਣਦੇ ਹਨ। ਖੁੰਬਾਂ ਦੀਆਂ ਕੁਝ ਪ੍ਰਮੁੱਖ ਬਿਮਾਰੀਆਂ ਹੇਠ ਲਿਖੇ ਅਨੁਸਾਰ ਹਨ।



**ਉੱਲੀ ਰੋਗ** :

**ਸੁੱਕੇ-ਬੁਲਬੁਲੇ, ਭੂਰੇ ਧੱਬੇ, ਉੱਲੀ ਦੇ ਧੱਬੇ ਜਾਂ ਵਰਟੀਸੀਲਮ ਰੋਗ** : ਖੁੰਬਾਂ ਦੀ ਛਤਰੀ ਉੱਤੇ ਹਲਕੇ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ ਅਤੇ ਜ਼ਿਆਦਾ ਹਮਲੇ ਨਾਲ ਕਈ ਖੁੰਬਾਂ ਚਮੜੇਦਾਰ, ਸੁੱਕੀਆਂ, ਬਿਨ੍ਹਾਂ ਕਿਸੇ ਦੁਰਗੰਧ ਤੋਂ ਬੇਸ਼ਕਲ ਨਜ਼ਰ ਆਉਣ ਲੱਗਦੀਆਂ ਹਨ।

**ਨਮ ਬੁਲਬੁਲੇ ਵਾਲੀ ਚਿੱਟੀ ਉੱਲੀ ਮਾਈਕੋਗੋਨ ਬਿਮਾਰੀ** : ਖੁੰਬਾਂ ਉੱਪਰ ਚਿੱਟੀ ਉੱਲੀ ਆਉਣ ਕਾਰਨ ਇਹ ਅਕਸਰ ਭੂਰੀਆਂ ਅਤੇ ਗੰਦੀ ਬਦਬੂ ਵਾਲੀਆਂ ਹੋ ਜਾਂਦੀਆਂ ਹਨ ਅਤੇ ਬਿਮਾਰ ਖੁੰਬਾਂ ਵਿੱਚੋਂ ਭੂਰੇ ਰੰਗ ਦਾ ਪਾਣੀ ਜਿਸ ਵਿਚ ਸਪੋਰ ਅਤੇ ਬੈਕਟੀਰੀਆ ਹੁੰਦੇ ਹਨ, ਬਾਹਰ ਆਉਣ ਲੱਗਦੇ ਹਨ।

**ਕੋਬਵੈਬ ਬਿਮਾਰੀ** : ਕੇਸਿੰਗ ਮਿੱਟੀ ਅਤੇ ਖੁੰਬਾਂ ਉੱਤੇ 12 ਘੰਟਿਆਂ ਦੌਰਾਨ ਰੂੰ ਵਰਗੀ ਪਰਤ ਬਣ ਜਾਂਦੀ ਹੈ ਜੋ ਕਿ ਡੇਕਟਾਈਲੀਅਮ ਨਾਮ ਦੇ ਜੀਵਾਣੂੰ ਕਰਕੇ ਬਣਦੀ ਹੈ। ਇਹ ਮਾਈਸੀਲੀਅਮ ਜੀਵ ਸਲੇਟੀ ਤੋਂ ਚਿੱਟੇ ਰੰਗ ਤੋਂ ਫਿਰ ਲਾਲ ਤੋਂ ਪੀਲੇ ਹੋ ਜਾਂਦੇ ਹਨ।

**ਹਰੀ ਉੱਲੀ** : ਇਹ ਬਿਮਾਰੀ ਜ਼ਿਆਦਾਤਰ ਕੰਪੋਸਟ ਅਤੇ ਕੇਸਿੰਗ ਮਿੱਟੀ ਵਿਚ ਹੁੰਦੀ ਹੈ ਕਿਉਂਕਿ ਇਹ ਜੀਵਾਣੂੰ ਕੇਸਿੰਗ ਮਿੱਟੀ ਵਿੱਚ ਜ਼ਹਿਰੀਲੇ ਪਦਾਰਥ ਪੈਦਾ ਕਰਦੇ ਹਨ। ਇਸ ਦੇ ਸਿੱਟੇ ਵਜੋਂ ਖੁੰਬਾਂ ਦੇ ਬਰੀਕ ਤੱਤ ਮਰ ਜਾਂਦੇ ਹਨ ਅਤੇ ਸਟਾਈਪ ਲਾਲ ਭੂਰੀ ਤੋਂ ਗੂੜੀ ਭੂਰੀ ਹੋ ਜਾਂਦੀ ਹੈ। ਇਹ ਜੀਵਾਣੂੰ ਖੁੰਬਾਂ ਦੀ ਛਤਰੀ ਉੱਤੇ ਜ਼ਖਮ ਬਣਾ ਦਿੰਦਾ ਹੈ ਜਿਸ ਨਾਲ ਖੁੰਬਾਂ ਦੀ ਫਸਲ ਪੈਦਾ ਹੋਣ ਵਿਚ ਸਮਾਂ ਲੱਗਦਾ ਹੈ।

**ਇੰਕੀ ਕੈਪਜ਼ ਜਾਂ ਕੋਪਰਾਈਨਿਸ** : ਇਹ ਬਿਮਾਰੀ ਬਿਜਾਈ ਕਰਦੇ ਸਮੇਂ ਕੰਪੋਸਟ ਵਿਚ ਅਮੋਨੀਆ ਦੀ ਬਦਬੂ ਜਾਂ ਫਿਰ ਨਾਈਟਰੋਜਨ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਹੋ ਜਾਂਦੀ ਹੈ। ਇਹ ਉੱਲੀ ਆਮ ਘਾਹ ਦੀ ਤਰ੍ਹਾਂ ਹੁੰਦੀ ਹੈ ਅਤੇ ਇੱਕ ਲੰਬੀ ਅਤੇ ਬਹੁਤ ਪਤਲੀ ਛਤਰੀ ਬਣਾਉਂਦੀ ਹੈ। ਇਸ ਦਾ ਰੰਗ ਜਲਦੀ ਹੀ ਕਾਲੀ ਸਿਆਹੀ ਵਰਗਾ ਹੋ ਜਾਂਦਾ ਹੈ।

**ਰੋਕਥਾਮ** : ਬਿਮਾਰੀਆਂ ਤੋਂ ਬਚਾਅ ਲਈ ਕਮਰੇ ਸਾਫ, ਹਵਾਦਾਰ, ਸਾਰੇ ਯੰਤਰ ਅਤੇ ਕੇਸਿੰਗ ਮਿੱਟੀ ਸਾਫ ਹੋਣੀ ਚਾਹੀਦੀ ਹੈ। ਕੇਸਿੰਗ ਮਿੱਟੀ ਨੂੰ ਪਾਸਚੂਰਾਈਜ਼ ਜਾਂ ਰਸਾਇਣਕ ਪਦਾਰਥਾਂ ਨਾਲ ਜੀਵਾਣੂੰ ਰਹਿਤ ਜ਼ਰੂਰ ਕਰੋ। ਉੱਲੀ ਦੇ ਹਮਲੇ ਨੂੰ ਰੋਕਣ ਲਈ ਤਾਪਮਾਨ ਨਾ ਵਧਣ ਦਿੱਤਾ ਜਾਵੇ ਅਤੇ ਨਾਲ ਹੀ ਨਾਲ ਇੰਡੋਫਿਲ ਐਮ-45 (0.25-0.5%) ਦੇ ਤਿੰਨ ਛਿੜਕਾਅ ਪਹਿਲਾਂ ਕੇਸਿੰਗ ਵੇਲੇ, ਦੂਜਾ ਪਿੰਨ ਬਣਨ ਵੇਲੇ ਅਤੇ ਤੀਜਾ 2 ਫਸਲਾਂ ਕੱਟਣ ਤੋਂ ਬਾਅਦ ਕਰਨਾ ਜ਼ਰੂਰੀ ਹੈ।

★ ਸਪਾਨ ਫੈਲਣ ਦੌਰਾਨ ਤਾਪਮਾਨ 18 ਡਿਗਰੀ ਅਤੇ ਫਸਲ ਦਾ ਤਾਪਮਾਨ 17 ਡਿਗਰੀ ਸੈਂਟੀਗ੍ਰੇਡ ਤੋਂ ਨਾ ਵਧਣ ਦਿਓ।

★ ਜੇਕਰ ਕੰਪੋਸਟ ਅਤੇ ਕੇਸਿੰਗ ਮਿੱਟੀ ਨੂੰ ਡਾਈਥਾਇਓਕਾਰਬੋਮੇਟ ਜਾਂ ਬੇਨਜ਼ੀਮੀਡਾਜੋਲ ਨਾਲ ਜੀਵਾਣੂੰ ਰਹਿਤ ਕੀਤਾ ਜਾਵੇ ਤਾਂ ਹਰੀ ਉੱਲੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

★ ਜੇਕਰ ਇੰਕੀ ਕੈਪਜ਼ ਨਜ਼ਰ ਆਉਣ ਲੱਗ ਜਾਣ ਤਾਂ ਇਹਨਾਂ ਨੂੰ ਨਾਲੋਂ-ਨਾਲ ਪੇਟੀਆਂ ਵਿੱਚੋਂ ਕੱਢ ਦਿਓ।

★ ਖੁੰਬ ਘਰ ਵਿਚ ਕਮਰੇ ਚੰਗੇ ਹਵਾਦਾਰ ਅਤੇ ਘੱਟ ਹਵਾਦਾਰ ਅਤੇ ਘੱਟ ਨਮੀਂ ਵਾਲੇ ਹੋਣੇ ਚਾਹੀਦੇ ਹਨ।

## ਸੌਂਫ ਦੀ ਕਿਸਮ

# ਅਜਮੇਰ ਫੈਨਲ 2

ਸੌਂਫ ਮਸਾਲੇ ਦੀ ਪ੍ਰਸਿੱਧ ਫਸਲ ਹੈ। ਇਹ ਚੰਗੀ ਨਿਕਾਸ ਵਾਲੀ ਰੇਤਲੀ ਤੋਂ ਭਾਰੀਆਂ ਜ਼ਮੀਨਾਂ ਵਿਚ ਵਧੀਆ ਉੱਗਦੀ ਹੈ। ਅਜਮੇਰ ਫੈਨਲ 2 ਕਿਸਮ ਜੋ ਕਿ ਪੰਜਾਬ ਵਿਚ ਵਪਾਰਕ ਕਾਸ਼ਤ ਲਈ ਜਾਰੀ ਕੀਤੀ ਗਈ ਹੈ, ਜੋ ਕਿ ਲਗਭਗ 5 ਕੁਇੰਟਲ ਪ੍ਰਤੀ ਏਕੜ ਦੇ ਬੀਜ ਦਾ ਔਸਤ ਝਾੜ ਪੈਦਾ ਕਰਦੀ ਹੈ, ਜੋ ਕਿ ਸਥਾਨਕ ਕਿਸਮਾਂ ਨਾਲੋਂ 17.1% ਵੱਧ ਹੈ। ਇਸ ਦੇ ਪੌਦੇ ਸਿੱਧੇ ਟਾਹਣੀਆਂ ਵਾਲੇ ਲੰਬੇ ਹੁੰਦੇ ਹਨ ਅਤੇ ਛਤਰੀਆਂ ਵਿਚ ਛੋਟੇ ਪੀਲੇ ਫੁੱਲ ਹੁੰਦੇ ਹਨ। ਇਸ ਦੇ ਪੌਦੇ 145-150 ਸੈਂਟੀਮੀਟਰ ਦੀ ਉਚਾਈ ਤੱਕ ਪਹੁੰਚਦੇ ਹਨ। ਇਸ ਵਿਚ ਜ਼ਰੂਰੀ ਤੇਲ ਦੀ ਮਾਤਰਾ ਵੱਧ ਹੁੰਦੀ ਹੈ ਅਤੇ ਰਾਮੂਲੇਰੀਆ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਦਰਮਿਆਨੀ ਹੁੰਦੀ ਹੈ। ਇਸਦੇ ਬੀਜਾਂ ਵਿਚ 1.6 ਤੋਂ 1.8% ਤੇਲ ਵੀ ਹੁੰਦਾ ਹੈ, ਜੋ ਇਸਨੂੰ ਰਸੋਈ ਅਤੇ ਚਿਕਿਸਤਕ ਦੋਵਾਂ ਵਰਤੋਂ ਲਈ ਕੀਮਤੀ ਬਣਾਉਂਦਾ ਹੈ। ਸੌਂਫ ਬੀਜਣ ਦਾ ਸਭ ਤੋਂ ਵਧੀਆ ਸਮਾਂ ਅਕਤੂਬਰ ਦੇ ਆਖਰੀ ਹਫਤੇ ਤੋਂ ਨਵੰਬਰ ਦੇ ਪਹਿਲੇ ਹਫਤੇ ਤੱਕ ਹੈ। ਇਸ ਨੂੰ ਪੱਕਣ ਲਈ ਲਗਭਗ 170 ਤੋਂ 175 ਦਿਨ ਲੱਗਦੇ ਹਨ। ਬਿਜਾਈ ਲਈ 4 ਕਿਲੋ ਬੀਜ ਪ੍ਰਤੀ ਏਕੜ ਵਰਤੋ। ਕੇਰਾ ਵਿਧੀ ਦੀ ਵਰਤੋਂ ਕਰਕੇ ਕਤਾਰ ਤੋਂ ਕਤਾਰ ਦਾ ਫਾਸਲਾ 45 ਸੈਂਟੀਮੀਟਰ ਰੱਖ ਕੇ ਲਗਭਗ 3-4 ਸੈਂਟੀਮੀਟਰ ਡੂੰਘਾਈ ਵਿਚ ਬੀਜ ਬੀਜੋ। ਮਿੱਟੀ ਦੀ ਕਿਸਮ ਦੇ ਆਧਾਰ 'ਤੇ 20 ਕਿਲੋ ਨਾਈਟ੍ਰੋਜਨ, ਜੋ ਕਿ 45 ਕਿਲੋ ਯੂਰੀਆ ਦੇ ਬਰਾਬਰ ਹੈ, ਨੂੰ 2-3 ਕਿਸ਼ਤਾਂ ਵਿਚ ਪਾਓ। ਇਹ ਪੌਦੇ ਦੇ ਵਧਣ ਵਿਚ ਮਦਦ ਕਰਦਾ ਹੈ। ਬਿਜਾਈ ਤੋਂ ਬਾਅਦ ਪਹਿਲੀ ਸਿੰਚਾਈ 10-15 ਦਿਨ ਬਾਅਦ ਕਰੋ। ਤਾਂ ਜੋ ਬੀਜਾਂ ਦੇ ਚੰਗੇ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਤੋਂ ਬਾਅਦ ਜ਼ਮੀਨ ਦੀ ਨਮੀ ਦੇ ਪੱਧਰ ਦੇ ਆਧਾਰ 'ਤੇ ਫਸਲ ਨੂੰ ਲੋੜ ਅਨੁਸਾਰ ਸਿੰਚਾਈ ਕਰੋ। ਲੋੜ ਅਨੁਸਾਰ ਨਦੀਨ ਪ੍ਰਬੰਧ ਲਈ ਇਕ ਜਾਂ ਦੋ ਗੋਡੀਆਂ ਕਰੋ। ਫਸਲ ਦੀ ਕਟਾਈ ਉਦੋਂ ਕਰੋ ਜਦੋਂ ਛੱਤਰੀ (ਫੁੱਲਾਂ ਦੇ ਗੁੱਛੇ) ਦਾ ਰੰਗ ਹਰੇ ਤੋਂ ਹਲਕੇ ਪੀਲੇ ਵਿਚ ਬਦਲ ਜਾਵੇ। ਉੱਚ-ਗੁਣਵੱਤਾ ਵਾਲੇ ਬੀਜਾਂ ਲਈ, ਅਪ੍ਰੈਲ ਦੇ ਸ਼ੁਰੂ ਵਿਚ (ਜਦੋਂ ਬੀਜ ਨਰਮ ਹੋਣ ਪਰ ਪੂਰੀ ਤਰ੍ਹਾਂ ਬਣ ਜਾਣ) ਫਸਲ ਦੀ ਕਟਾਈ ਕਰੋ। ਇਹ ਬਿਹਤਰ ਗੁਣਵੱਤਾ ਵਾਲੇ ਬੀਜਾਂ ਨੂੰ ਯਕੀਨੀ ਬਣਾਉਂਦਾ ਹੈ। ਇਹਨਾਂ ਕਦਮਾਂ ਦੀ ਪਾਲਣਾ ਕਰਕੇ, ਤੁਸੀਂ ਉੱਚ ਉਪਜ ਅਤੇ ਚੰਗੀ ਬੀਜ ਗੁਣਵੱਤਾ ਵਾਲੀ ਸਫਲ ਸੌਂਫ ਫਸਲ ਉਗਾ ਸਕਦੇ ਹੋ।



**ਰਜਿੰਦਰ ਕੁਮਾਰ** (ਮੋ. 94173-45565), **ਅਮਨਪ੍ਰੀਤ ਅਤੇ ਵਜਿੰਦਰ ਪਾਲ ਕਾਲੜਾ, ਜੈਵਿਕ ਖੇਤੀ ਸਕੂਲ**

# ਕਿਉਂ ਅਣਗੌਲੀ ਜਾ ਰਹੀ ਸਹਿਕਾਰਤਾ

ਡਾ. ਸ. ਸ. ਛੀਨਾ,
ਪ੍ਰੋਫੈਸਰ ਇਮੈਰੀਟਸ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ

ਇਹ ਵੀ ਕਿ ਦਿਲਚਸਪ ਸਥਿਤੀ ਹੈ ਕਿ ਭਾਰਤ ਦੀ ਕਿਸਾਨੀ ਭਾਵੇਂ ਘਾਟੇ ਦਾ ਸੌਦਾ ਹੋਈ ਹੈ, ਪਰ ਖੇਤੀ ਵਸਤਾਂ ਦੇ ਵਪਾਰੀ ਵੱਡੀ ਕਮਾਈ ਕਰਦੇ ਰਹੇ ਹਨ । ਇਹ ਸਦੀਆਂ ਤੋਂ ਇਸ ਤਰ੍ਹਾਂ ਹੀ ਚੱਲ ਰਿਹਾ ਹੈ । ਜਿਹੜੀ ਬਾਸਮਤੀ ਕਿਸਾਨ 2000 ਰੁਪਏ ਕੁਇੰਟਲ ਵੇਚਦੇ ਹਨ, ਵਪਾਰੀ ਉਸ ਨੂੰ 8000 ਰੁਪਏ ਕੁਇੰਟਲ ਤੱਕ ਨਿਰਯਾਤ ਕਰਦੇ ਹਨ ਅਤੇ ਜਿਹੜੀ ਸਬਜ਼ੀ ਕਿਸਾਨ ਖੇਤਾਂ ਵਿੱਚ 10 ਰੁਪਏ ਕਿਲੋ ਵੇਚਦੇ ਹਨ, ਉਹੋ ਸਬਜ਼ੀ ਪ੍ਰਚੂਨ ਵਿੱਚ 40 ਰੁਪਏ ਕਿਲੋ ਤੱਕ ਵਿਕਦੀ ਹੈ ।



ਕਿਸਾਨ ਭਾਵੇਂ ਕਿੰਨੀ ਵੀ ਭੂਮੀ ਦੇ ਆਕਾਰ ਦਾ ਮਾਲਕ ਹੈ, ਉਹ ਨਾ ਤਾਂ ਨਿਰਯਾਤ ਕਰ ਸਕਦਾ ਹੈ, ਨਾ ਹੀ ਉਹ ਪਰਚੂਨ ਵਿੱਚ ਸਬਜ਼ੀ ਵੇਚ ਸਕਦਾ ਹੈ । ਉਸ ਕਰਕੇ ਖੇਤੀ ਵਸਤਾਂ ਦੀਆਂ ਵਧਦੀਆਂ ਹੋਈਆਂ ਕੀਮਤਾਂ ਵਿੱਚ ਕਿਸਾਨ ਦਾ ਕੋਈ ਹਿੱਸਾ ਨਹੀਂ । ਸੰਨ 2017 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨ ਦੀ ਆਮਦਨ ਨੂੰ 2022 ਤੱਕ ਦੁੱਗਣੀ ਕਰਨ ਦਾ ਸੰਕਲਪ ਲਿਆ ਸੀ, ਪਰ ਉਹ ਦੁੱਗਣੀ ਨਾ ਹੋ ਸਕੀ, ਕਿਉਂ ਜੋ ਨਾ ਤਾਂ ਖੇਤੀ ਵਸਤਾਂ ਦੀਆਂ ਕੀਮਤਾਂ ਦੁੱਗਣੀਆਂ ਹੋ ਸਕਦੀਆਂ ਹਨ ਅਤੇ ਨਾ ਹੀ ਉਪਜ ਦੁੱਗਣੀ ਹੋ ਸਕਦੀ ਹੈ ।

ਕਿਸਾਨ ਭਾਵੇਂ ਕਿੰਨੀ ਵੀ ਭੂਮੀ ਦੇ ਆਕਾਰ ਦਾ ਮਾਲਕ ਹੈ, ਉਹ ਨਾ ਤਾਂ ਨਿਰਯਾਤ ਕਰ ਸਕਦਾ ਹੈ, ਨਾ ਹੀ ਉਹ ਪਰਚੂਨ ਵਿੱਚ ਸਬਜ਼ੀ ਵੇਚ ਸਕਦਾ ਹੈ । ਉਸ ਕਰਕੇ ਖੇਤੀ ਵਸਤਾਂ ਦੀਆਂ ਵਧਦੀਆਂ ਹੋਈਆਂ ਕੀਮਤਾਂ ਵਿੱਚ ਕਿਸਾਨ ਦਾ ਕੋਈ ਹਿੱਸਾ ਨਹੀਂ । ਸੰਨ 2017 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨ ਦੀ ਆਮਦਨ ਨੂੰ 2022 ਤੱਕ ਦੁੱਗਣੀ ਕਰਨ ਦਾ ਸੰਕਲਪ ਲਿਆ ਸੀ, ਪਰ ਉਹ ਦੁੱਗਣੀ ਨਾ ਹੋ ਸਕੀ, ਕਿਉਂ ਜੋ ਨਾ ਤਾਂ ਖੇਤੀ ਵਸਤਾਂ ਦੀਆਂ ਕੀਮਤਾਂ ਦੁੱਗਣੀਆਂ ਹੋ ਸਕਦੀਆਂ ਹਨ ਅਤੇ ਨਾ ਹੀ ਉਪਜ ਦੁੱਗਣੀ ਹੋ ਸਕਦੀ ਹੈ ।

ਭਾਰਤ ਜਿਹੜਾ ਵਸੋਂ ਦੇ ਹਿਸਾਬ ਨਾਲ ਦੁਨੀਆ ਦਾ ਸਭ ਤੋਂ ਵੱਡਾ ਦੇਸ਼ ਹੈ, ਜਿਸ ਦੀ ਜਨਸੰਖਿਆ 143 ਕਰੋੜ ਦੇ ਕਰੀਬ ਜਾਂ ਕੁੱਲ ਦੁਨੀਆਂ ਦੀ 17.6 ਫੀਸਦੀ ਵਸੋਂ ਹੈ, ਜਦੋਂਕਿ ਧਰਾਤਲ ਦਾ ਆਕਾਰ ਸਿਰਫ 24 ਫੀਸਦੀ ਹੈ, ਇਸ ਕਰਕੇ ਕਿਸਾਨ ਦੀਆਂ ਜੋਤਾਂ ਦਾ ਆਕਾਰ ਘੱਟ ਹੈ । ਇੱਥੋਂ ਤੱਕ ਕਿ 2.5 ਏਕੜ ਤੋਂ ਘੱਟ ਆਕਾਰ ਦੀਆਂ 74 ਫੀਸਦੀ ਜੋਤਾਂ ਹਨ । ਕੁੱਲ ਜੋਤਾਂ ਵਿੱਚੋਂ 93 ਫੀਸਦੀ 10 ਏਕੜ ਤੋਂ ਘੱਟ ਹਨ, ਜਦੋਂਕਿ 15 ਏਕੜ ਤੋਂ ਘੱਟ ਜੋਤਾਂ ਵਾਲੇ ਕਿਸਾਨ ਆਪਣੀ ਖੇਤੀ ਦੀ ਉਪਜ ਤੋਂ ਆਪਣੀਆਂ ਘਰੇਲੂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੇ । ਭਾਰਤ ਵਰਗੀ ਘੱਟ ਜੋਤ ਆਕਾਰ ਦੀ ਸਥਿਤੀ ਵਿੱਚ ਇੱਥੇ ਅਮਰੀਕਾ, ਕੈਨੇਡਾ, ਆਸਟਰੇਲੀਆ ਆਦਿ ਵਿਸ਼ਾਲ ਦੇਸ਼ਾਂ ਵਾਲਾ ਮਾਡਲ ਤਾਂ ਅਪਣਾਇਆ ਨਹੀਂ ਜਾ ਸਕਦਾ ।

ਇੱਥੇ ਤਾਂ ਦੇਸ਼ ਦੀਆਂ ਸਥਿਤੀਆਂ ਅਨੁਸਾਰ ਖੇਤੀ ਦੀਆਂ ਸਮੱਸਿਆਵਾਂ ਅਤੇ ਵਸੋਂ ਦੀ ਵੱਡੀ ਨਿਰਭਰਤਾ ਹੋਣ ਕਰਕੇ ਇੱਕ ਵਿਸ਼ੇਸ਼ ਮਾਡਲ ਅਪਣਾਉਣ ਦੀ ਲੋੜ ਹੈ, ਜਿਸ ਵਿੱਚ ਖੇਤੀ ਵਸਤਾਂ ਦੀਆਂ ਕੀਮਤਾਂ ਵਿੱਚ ਕਿਸਾਨ ਦਾ ਹਿੱਸਾ ਬਣਾਉਣ ਦੀ ਲੋੜ ਹੈ । ਭਾਰਤ ਵਿੱਚ ਡੇਅਰੀ ਸਹਿਕਾਰਤਾ ਦਾ ਸਫਲ ਮਾਡਲ ਭਾਰਤ ਦੀ ਖੇਤੀ ਦੇ ਸਾਹਮਣੇ ਹੈ, ਜਿਸ ਕਰਕੇ ਪਿੰਡ ਵਿੱਚ ਇੱਕ ਛੋਟੇ ਡੇਅਰੀ ਫਾਰਮ ਦਾ ਵੀ ਡੇਅਰੀ ਵਸਤਾਂ ਦੀ ਨਿਰਯਾਤ ਵਿੱਚ ਹਿੱਸਾ ਹੁੰਦਾ ਹੈ । ਜਦੋਂ ਉਹ ਡੇਅਰੀ ਫਾਰਮਰ ਪਿੰਡ ਵਿੱਚ ਆਪਣਾ ਦੁੱਧ ਵੇਚ ਕੇ ਉਸ ਦੀ ਕੀਮਤ ਪ੍ਰਾਪਤ ਕਰ ਲੈਂਦਾ ਹੈ ਤਾਂ ਫਿਰ ਵੀ ਉਹ ਡੇਅਰੀ ਵਸਤਾਂ ਦੇ ਮੁੱਲ ਵਧੇ ਵਿੱਚ ਜ਼ਿਲ੍ਹਾ, ਪ੍ਰਾਂਤ, ਰਾਸ਼ਟਰ ਅਤੇ ਅੰਤਰ-ਰਾਸ਼ਟਰੀ ਪੱਧਰ ਦੀ ਵਿਕਰੀ ਵਿੱਚ ਹਿੱਸੇਦਾਰ ਬਣਿਆ ਰਹਿੰਦਾ ਹੈ ।

ਇਹ ਕੰਮ ਉਹ ਇਕੱਲਾ ਕਦੇ ਵੀ ਨਹੀਂ ਕਰ ਸਕਦਾ । ਕੀ ਹੋਰ ਖੇਤੀ ਵਸਤਾਂ ਜਿਸ ਵਿੱਚ ਖਾਸ ਕਰਕੇ ਸਬਜ਼ੀਆਂ, ਫਲ ਅਤੇ ਤੇਲ ਬੀਜਾਂ ਜਾਂ ਬਾਸਮਤੀ ਦੀ ਨਿਰਯਾਤ ਵਿੱਚ ਇਹ ਮਾਡਲ ਨਹੀਂ ਅਪਣਾਇਆ ਜਾ ਸਕਦਾ ? ਇਸ ਲਈ ਸਰਕਾਰ ਦੀ ਸਰਪ੍ਰਸਤੀ ਦੇ ਅਧੀਨ ਫਿਰ ਡੇਅਰੀ ਸਹਿਕਾਰਤਾ ਵਰਗੀ ਫੈਡਰੇਸ਼ਨ ਬਣਾਉਣ ਦੀ ਲੋੜ ਹੈ ਅਤੇ ਇਸ ਵਿੱਚ ਕਿਸਾਨ ਦਾ ਲਾਭ ਹੀ ਲਾਭ ਹੈ ।

ਭਾਵੇਂ ਭਾਰਤ ਖੇਤੀ ਪ੍ਰਧਾਨ ਦੇਸ਼ ਹੈ, ਪਰ ਇਸ ਦੀਆਂ ਖੇਤੀ ਵਸਤਾਂ ਵਿੱਚੋਂ ਸਿਰਫ 12 ਫੀਸਦੀ ਵਸਤਾਂ ਨੂੰ ਹੀ ਤਿਆਰ ਕਰਕੇ ਵੇਚਿਆ ਜਾਂਦਾ ਹੈ, ਜਦੋਂਕਿ ਵਿਕਸਿਤ ਦੇਸ਼ਾਂ ਵਿੱਚ 86 ਪ੍ਰਤੀਸ਼ਤ ਵਸਤਾਂ ਨੂੰ ਖੇਤੀ ਆਧਾਰਿਤ ਉਦਯੋਗਿਕ ਇਕਾਈਆਂ ਵਿੱਚ ਤਿਆਰ ਕਰਕੇ ਵੇਚਿਆ ਅਤੇ ਨਿਰਯਾਤ ਕੀਤਾ ਜਾਂਦਾ ਹੈ । ਜਾਪਾਨ ਵਿੱਚ ਖੇਤਾਂ ਵਿੱਚ ਹੀ ਉਸ ਖੇਤ ਦੀ ਉਪਜ ਅਨੁਸਾਰ ਖੇਤੀ ਆਧਾਰਿਤ ਉਦਯੋਗਿਕ ਵਿਕਰੀ ਹੈ ਅਤੇ ਉਸ ਵਸਤੂ ਨੂੰ ਤਿਆਰ ਕਰਕੇ ਵੇਚਿਆ ਜਾਂਦਾ ਹੈ । ਇਨ੍ਹਾਂ ਵਿੱਚੋਂ ਜ਼ਿਆਦਾ ਇਕਾਈਆਂ ਸਹਿਕਾਰੀ ਖੇਤਰ ਅਧੀਨ ਹਨ । ਇਸ ਨਾਲ ਨਾ ਸਿਰਫ ਉਸ ਫ਼ਸਲ ਦੇ ਮੁੱਲ ਵਿੱਚ ਵਾਧਾ ਹੁੰਦਾ ਹੈ, ਸਗੋਂ ਉਸ ਖੇਤਰ ਦੇ ਲੋਕਾਂ ਨੂੰ ਰੁਜ਼ਗਾਰ ਵੀ ਮਿਲਦਾ ਹੈ, ਜਿਸ ਨਾਲ ਅਰਧ ਬੇਰੁਜ਼ਗਾਰੀ ਦੂਰ ਹੁੰਦੀ ਹੈ ਅਤੇ ਉਸ ਦੀ ਆਮਦਨ ਵਿੱਚ ਵਾਧਾ ਹੋਵੇਗਾ । ਖੇਤੀ ਆਧਾਰਿਤ ਉਦਯੋਗਿਕ ਇਕਾਈਆਂ ਇੱਕ ਖਾਸ ਮੌਸਮ ਵਿੱਚ ਹੀ ਚੱਲਦੀਆਂ ਹਨ ।

ਉਹ ਛੋਟੇ ਪੈਮਾਨੇ 'ਤੇ ਵੀ ਓਨੀਆਂ ਹੀ ਸਫਲ ਹਨ, ਜਿੰਨੀਆਂ ਵੱਡੇ ਪੈਮਾਨੇ 'ਤੇ । ਕਿਸਾਨਾਂ ਦੀ ਸਹਿਕਾਰਤਾ ਇਨ੍ਹਾਂ ਖੇਤੀ ਆਧਾਰਿਤ ਇਕਾਈਆਂ ਲਈ ਜ਼ਿਆਦਾ ਸਫਲ ਹੈ ਅਤੇ ਫਸਲ ਵਿਭਿੰਨਤਾ ਕਾਰਨ ਇਹ ਵੱਖ-ਵੱਖ ਤਰ੍ਹਾਂ ਦੀਆਂ ਇਕਾਈਆਂ ਹੋ ਸਕਦੀਆਂ ਹਨ । ਸੰਨ 1904 ਵਿੱਚ ਇੱਕ ਅੰਗਰੇਜ਼ ਅਧਿਕਾਰੀ ਐਮ. ਐਲ. ਡਾਰਲਿੰਗ ਦੇ ਆਦੇਸ਼ ਨਾਲ ਕਿਸਾਨਾਂ ਨੂੰ ਕਰਜ਼ਾ ਦੇਣ ਲਈ ਸਹਿਕਾਰੀ ਸਭਾਵਾਂ ਦੀ ਸਥਾਪਨਾ ਦਾ ਕੰਮ ਸ਼ੁਰੂ ਹੋਇਆ ਸੀ, ਪਰ 1978 ਤੱਕ ਭਾਵੇਂ ਇਸ ਤਰ੍ਹਾਂ ਦੀਆਂ ਕਰਜ਼ਾ ਸਭਾਵਾਂ ਜ਼ਿਆਦਾਤਰ ਪਿੰਡਾਂ ਵਿੱਚ ਚੱਲਦੀਆਂ ਤਾਂ ਸਨ, ਪਰ ਜ਼ਿਆਦਾਤਰ ਸਿਰਫ ਕਾਗਜ਼ਾਂ ਵਿੱਚ ਹੀ ਦਰਜ ਸਨ । ਸੰਨ 1978 ਵਿੱਚ ਸਹਿਕਾਰਤਾ ਦੀ ਨਵੀਂ ਨੀਤੀ ਅਨੁਸਾਰ ਖੇਤੀ ਸੇਵਾ ਸਹਿਕਾਰੀ ਸਭਾਵਾਂ ਸ਼ੁਰੂ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਸਭਾਵਾਂ ਨੂੰ ਨਿੱਜੀ ਹੱਥਾਂ ਤੋਂ ਬਾਹਰ ਕੱਢ ਕੇ ਇੱਕ ਪਿੰਡ ਜਾਂ ਕੁਝ ਪਿੰਡਾਂ ਦੀਆਂ ਸਭਾਵਾਂ ਨਾਲ ਮਿਲਾ ਕੇ ਖੇਤੀ ਸੇਵਾ ਸਭਾਵਾਂ ਬਣਾਈਆਂ ਗਈਆਂ । ਉਹ ਸਭਾਵਾਂ ਬਹੁਤ ਯੋਗਤਾ ਨਾਲ ਕਿਸਾਨਾਂ ਲਈ ਬਹੁਤ ਚੰਗੀਆਂ ਸੇਵਾਵਾਂ ਦੇ ਰਹੀਆਂ ਹਨ । ਇਨ੍ਹਾਂ ਸਹਿਕਾਰੀ ਸਭਾਵਾਂ ਵੱਲੋਂ ਨਾ ਸਿਰਫ ਕਰਜ਼ਾ ਹੀ ਦਿੱਤਾ ਜਾਂਦਾ ਹੈ, ਸਗੋਂ ਕਿਸਾਨਾਂ ਲਈ ਖਾਦਾਂ, ਹੋਰ ਰਸਾਇਣਾਂ ਅਤੇ ਵਸਤਾਂ ਵੀ ਕਰਜ਼ੇ 'ਤੇ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਲਈ ਬਹੁਤ ਥੋੜ੍ਹਾ ਵਿਆਜ ਵਸੂਲਿਆ ਜਾਂਦਾ ਹੈ । ਕਿਸਾਨਾਂ ਨੂੰ ਉਹ ਵਸਤਾਂ ਬਹੁਤ ਜਾਇਜ਼ ਕੀਮਤਾਂ 'ਤੇ ਇਸ ਕਰਕੇ ਮਿਲਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਥੋਕ ਵਿੱਚ ਸਸਤਾ ਖਰੀਦਿਆ ਜਾਂਦਾ ਹੈ । ਫਿਰ ਇਨ੍ਹਾਂ ਵਿੱਚ ਵਪਾਰੀ ਦਾ ਲਾਭ ਸ਼ਾਮਲ ਨਹੀਂ ਹੁੰਦਾ, ਸਗੋਂ ਕਿਸਾਨ ਦਾ ਹਿੱਤ ਹੀ ਮੁੱਖ ਉਦੇਸ਼ ਹੁੰਦਾ ਹੈ ।

ਪੰਜਾਬ, ਹਰਿਆਣਾ ਅਤੇ ਯੂ. ਪੀ. ਵਿੱਚ ਪਰਾਲੀ ਨੂੰ ਸਾੜਨ ਦੀਆਂ ਖ਼ਬਰਾਂ ਹਰ ਸਾਲ ਦੋ, ਤਿੰਨ ਮਹੀਨੇ ਅਖ਼ਬਾਰਾਂ ਵਿੱਚ ਆਉਂਦੀਆ ਰਹਿੰਦੀਆਂ ਹਨ । ਇਸ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਜਿਹੜੇ ਵਿਕਲਪ ਜਿਵੇਂ ਹੈਪੀ ਸੀਡਰ, ਪਰਾਲੀ ਨੂੰ ਗਾਲਣ ਲਈ ਰਸਾਇਣ ਅਤੇ ਬੇਲਰ ਆਦਿ ਜੋ ਵੀ ਉਪਾਅ ਦੱਸੇ ਜਾਂਦੇ ਹਨ, ਉਹ ਕਿਸਾਨਾਂ ਦੀਆਂ ਜੋਤਾਂ ਛੋਟੀਆਂ ਹੋਣ ਕਰਕੇ ਨਹੀਂ ਅਪਣਾਏ ਜਾ ਰਹੇ, ਕਿਉਂ ਜੋ ਕਿਸਾਨਾਂ ਲਈ ਉਹ ਮਸ਼ੀਨਾਂ ਖਰੀਦਣ ਵਿੱਚ ਉਨ੍ਹਾਂ ਦੀ ਵਿੱਤੀ ਹਾਲਤ ਰੁਕਾਵਟ ਬਣਦੀ ਹੈ । ਉਹ ਪਰਾਲੀ ਜਿਹੜੀ ਸਾੜੀ ਜਾਂਦੀ ਹੈ, ਉਸ ਨੂੰ ਸਹਿਕਾਰੀ ਸਭਾਵਾਂ ਧਨ ਵਿੱਚ ਬਦਲ ਸਕਦੀਆਂ ਹਨ । ਪਰਾਲੀ ਨੂੰ ਗੱਤਾ, ਕਾਗਜ਼, ਸੀਮੇਂਟ ਅਤੇ ਖੁਰਾਕ ਆਦਿ ਚੀਜ਼ਾਂ ਵਿੱਚ ਬਦਲਣ ਲਈ ਸਾਰੇ ਪੰਜਾਬ ਵਿੱਚ ਇੱਕ-ਦੋ ਫੈਕਟਰੀਆਂ ਕਾਫੀ ਨਹੀਂ, ਕਿਉਂ ਜੋ ਢੁਆਈ ਦੀ ਲਾਗਤ ਬਹੁਤ ਜ਼ਿਆਦਾ ਆਵੇਗੀ, ਪਰ ਜੇ ਹਰ ਬਲਾਕ ਵਿੱਚ ਘੱਟੋ-ਘੱਟ ਦੋ ਸਹਿਕਾਰੀ ਉਦਯੋਗਿਕ ਇਕਾਈਆਂ ਪਰਾਲੀ ਨੂੰ ਹੋਰ ਵਸਤਾਂ ਵਿੱਚ ਬਦਲਣ ਲਈ ਲਗਾ ਦਿੱਤੀਆਂ ਜਾਣ ਤਾਂ ਉਹ ਵਸਤੂ ਜਿਹੜੀ ਇੱਕ ਵੱਡੀ ਸਮੱਸਿਆ ਸੀ, ਉਹ

ਪੰਜਾਬ, ਹਰਿਆਣਾ ਅਤੇ ਯੂ. ਪੀ. ਵਿੱਚ ਪਰਾਲੀ ਨੂੰ ਸਾੜਨ ਦੀਆਂ ਖ਼ਬਰਾਂ ਹਰ ਸਾਲ ਦੋ, ਤਿੰਨ ਮਹੀਨੇ ਅਖ਼ਬਾਰਾਂ ਵਿੱਚ ਆਉਂਦੀਆ ਰਹਿੰਦੀਆਂ ਹਨ । ਇਸ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਜਿਹੜੇ ਵਿਕਲਪ ਜਿਵੇਂ ਹੈਪੀ ਸੀਡਰ, ਪਰਾਲੀ ਨੂੰ ਗਾਲਣ ਲਈ ਰਸਾਇਣ ਅਤੇ ਬੇਲਰ ਆਦਿ ਜੋ ਵੀ ਉਪਾਅ ਦੱਸੇ ਜਾਂਦੇ ਹਨ, ਉਹ ਕਿਸਾਨਾਂ ਦੀਆਂ ਜੋਤਾਂ ਛੋਟੀਆਂ ਹੋਣ ਕਰਕੇ ਨਹੀਂ ਅਪਣਾਏ ਜਾ ਰਹੇ, ਕਿਉਂ ਜੋ ਕਿਸਾਨਾਂ ਲਈ ਉਹ ਮਸ਼ੀਨਾਂ ਖਰੀਦਣ ਵਿੱਚ ਉਨ੍ਹਾਂ ਦੀ ਵਿੱਤੀ ਹਾਲਤ ਰੁਕਾਵਟ ਬਣਦੀ ਹੈ । ਉਹ ਪਰਾਲੀ ਜਿਹੜੀ ਸਾੜੀ ਜਾਂਦੀ ਹੈ, ਉਸ ਨੂੰ ਸਹਿਕਾਰੀ ਸਭਾਵਾਂ ਧਨ ਵਿੱਚ ਬਦਲ ਸਕਦੀਆਂ ਹਨ ।

ਲਾਭਦਾਇਕ ਵਸਤੂ ਵਿੱਚ ਬਦਲ ਸਕਦੀ ਹੈ । ਇਹ ਕੰਮ ਇਕੱਲਾ ਕਿਸਾਨ ਨਹੀਂ ਕਰ ਸਕਦਾ, ਪਰ ਸਹਿਕਾਰੀ ਸਭਾਵਾਂ ਆਸਾਨੀ ਨਾਲ ਕਰ ਸਕਦੀਆਂ ਹਨ । ਉਂਝ ਵੀ ਹੈਪੀ ਸੀਡਰ, ਬੇਲਰ ਆਦਿ



ਸਹਿਕਾਰੀ ਸਭਾਵਾਂ ਨੂੰ ਪ੍ਰਦਾਨ ਕਰਾਉਣੇ ਚਾਹੀਦੇ ਹਨ, ਜੋ ਕਿਸਾਨਾਂ ਨੂੰ ਘੱਟ-ਘੱਟ ਲਾਗਤ 'ਤੇ ਮਿਲ ਸਕਦੇ ਹਨ ।

ਕੁਝ ਸਾਲ ਪਹਿਲਾਂ ਹੁਸ਼ਿਆਰਪੁਰ ਵਿੱਚ 300 ਕਿਸਾਨਾਂ ਨੇ ਇੱਕ ਸਭਾ ਬਣਾਈ ਸੀ, ਜਿਹੜੇ ਸ਼ਹਿਦ ਪੈਦਾ ਕਰਦੇ ਸਨ ਅਤੇ ਉਨ੍ਹਾਂ ਨੂੰ ਉਹ ਸ਼ਹਿਦ ਨਿਰਯਾਤ ਕਰਨ ਦਾ ਪ੍ਰਬੰਧ ਕੀਤਾ ਸੀ, ਜਿਸ ਬਾਰੇ ਕਾਫ਼ੀ ਖ਼ਬਰਾਂ ਆਈਆਂ ਸਨ । ਇਸ ਤਰ੍ਹਾਂ ਦੀਆਂ ਵਸਤਾ ਜਿਹੜੀਆਂ ਸਾਧਾਰਨ ਖੇਤੀ ਨਾਲ ਪੈਦਾ ਹੋ ਸਕਦੀਆਂ ਹਨ, ਉਨ੍ਹਾਂ ਲਈ ਬਣੀ ਸਹਿਕਾਰੀ ਸਭਾ ਕਿਸਾਨਾਂ ਦੀ ਆਮਦਨ ਵਧਾਉਣ ਲਈ ਵੱਡੀ ਮੱਦਦ ਕਰ ਸਕਦੀ ਹੈ । ਅੱਜਕੱਲ੍ਹ ਸਫਲ ਹੋਈਆਂ ਸਹਿਕਾਰੀ ਸੇਵਾ ਸਭਾਵਾਂ ਨੂੰ ਕਿਸਾਨਾਂ ਨੂੰ ਲੋੜੀਂਦੀਆਂ ਵਸਤਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ, ਕਿਉਂ ਜੋ ਉਹ ਥੋਕ ਵਿੱਚ ਖਰੀਦ ਕੇ ਸਸਤੀਆਂ ਕੀਮਤਾਂ 'ਤੇ ਵੇਚੀਆਂ ਜਾ ਸਕਦੀਆਂ ਹਨ ।

ਭਾਰਤੀ ਖੇਤੀ ਆਰਥਿਕਤਾ ਦਾ ਜ਼ਿਕਰ ਕਰਦਿਆਂ ਇਹ ਆਮ ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਸਹਿਕਾਰਤਾ ਨਾਕਾਮ ਹੋਈ ਹੈ, ਪਰ ਇਹ ਸਫਲ ਹੋਣੀ ਚਾਹੀਦੀ ਹੈ । ਇੱਥੇ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਡੇਅਰੀ ਸਹਿਕਾਰਤਾ ਅਤੇ ਸਹਿਕਾਰੀ ਸੇਵਾ ਸਭਾਵਾਂ ਬਹੁਤ ਸਫਲ ਹੋਈਆਂ ਹਨ, ਪਰ ਇਨ੍ਹਾਂ ਨੂੰ ਹੋਰ ਖੇਤਰਾਂ ਵਿੱਚ ਅਪਣਾਇਆ ਹੀ ਨਹੀਂ ਗਿਆ । ਇਸ ਲਈ ਸਰਕਾਰ ਨੂੰ ਸਹਿਕਾਰੀ ਸਭਾਵਾਂ ਦੀ ਸਰਪ੍ਰਸਤੀ ਹੇਠ ਹੋਰ ਉਹ ਨਵੇਂ ਮਾਡਲ ਅਪਣਾਉਣੇ ਚਾਹੀਦੇ ਹਨ, ਜੋ ਕਿਸਾਨਾਂ ਦੀ ਆਮਦਨ ਵਧਾ ਸਕਦੇ ਹਨ ।

ਭਾਰਤੀ ਖੇਤੀ ਆਰਥਿਕਤਾ ਦਾ ਜ਼ਿਕਰ ਕਰਦਿਆਂ ਇਹ ਆਮ ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਸਹਿਕਾਰਤਾ ਨਾਕਾਮ ਹੋਈ ਹੈ, ਪਰ ਇਹ ਸਫਲ ਹੋਣੀ ਚਾਹੀਦੀ ਹੈ । ਇੱਥੇ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਡੇਅਰੀ ਸਹਿਕਾਰਤਾ ਅਤੇ ਸਹਿਕਾਰੀ ਸੇਵਾ ਸਭਾਵਾਂ ਬਹੁਤ ਸਫਲ ਹੋਈਆਂ ਹਨ, ਪਰ ਇਨ੍ਹਾਂ ਨੂੰ ਹੋਰ ਖੇਤਰਾਂ ਵਿੱਚ ਅਪਣਾਇਆ ਹੀ ਨਹੀਂ ਗਿਆ । ਇਸ ਲਈ ਸਰਕਾਰ ਨੂੰ ਸਹਿਕਾਰੀ ਸਭਾਵਾਂ ਦੀ ਸਰਪ੍ਰਸਤੀ ਹੇਠ ਹੋਰ ਉਹ ਨਵੇਂ ਮਾਡਲ ਅਪਣਾਉਣੇ ਚਾਹੀਦੇ ਹਨ, ਜੋ ਕਿਸਾਨਾਂ ਦੀ ਆਮਦਨ ਵਧਾ ਸਕਦੇ ਹਨ ।

ਭਾਰਤੀ ਵਿਅੰਜਨਾਂ ਵਿੱਚ ਹਰੀ ਸਬਜ਼ੀਆਂ ਆਪਣਾ ਅਲੱਗ ਹੀ ਮਹੱਤਵ ਰੱਖਦੀਆਂ ਹਨ । ਪਾਲਕ (ਬੀਟਾ ਵਲਗੇਰਿਸ ਵਰਗ ਦੀ ਬੇਂਗਾਲੇਂਸਿਸ) ਦਾ ਵੀ ਆਪਣਾ ਇਕ ਵਿਸ਼ੇਸ਼ ਸਥਾਨ ਹੈ । ਇਸਨੂੰ ਨਮ-ਜਲਵਾਯੂ ਖੇਤਰਾਂ ਵਿੱਚ ਉਗਾਇਆ ਜਾਂਦਾ ਹੈ । ਪਾਲਕ ਦੀ ਮੁੱਖ ਰੂਪ ਵਿੱਚ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ, ਰਾਜਿਸਥਾਨ, ਪੰਜਾਬ ਅਤੇ ਹਰਿਆਣਾ ਵਿਚ ਖੇਤੀ ਕੀਤੀ ਜਾਂਦੀ ਹੈ । ਇਹ ਫਸਲ ਹੁਣ ਕਰਨਾਟਕ ਵਰਗੇ ਦੱਖਣੀ ਭਾਰਤੀ ਰਾਜਾਂ ਵਿਚ ਵੀ ਲੋਕਪ੍ਰਿਯਾ ਹਾਸਲ ਕਰ ਰਹੀ ਹੈ । ਪਾਲਕ ਇਕ ਅਜਿਹੀ ਸਬਜ਼ੀ ਹੈ, ਜੋ ਕਿ ਆਇਰਨ ਅਤੇ ਐਂਟੀਆਕਸੀਡੈਂਟ ਨਾਲ ਭਰਪੂਰ ਹੁੰਦੀ ਹੈ । ਇਹ ਫਸਲ ਘੱਟ ਸਮੇਂ ਅਤੇ ਘੱਟ ਖਰਚ ਵਿੱਚ ਚੰਗਾ ਲਾਭ ਦਿੰਦੀ ਹੈ ।



# ਪਾਲਕ ਤੋਂ ਕਮਾਈ

ਪਾਲਕ ਦੀ ਇਕ ਵਾਰ ਬਿਜਾਈ ਕਰਨ ਤੋਂ ਬਾਅਦ ਉਸਦੀ 5-6 ਵਾਰ ਕਟਾਈ ਕੀਤੀ ਜਾਂਦੀ ਹੈ । ਇਸਦੀ ਫਸਲ ਪੂਰੇ ਸਾਲ ਲਈ ਜਾਂਦੀ ਹੈ । ਅਲੱਗ-ਅਲੱਗ ਮਹੀਨਿਆਂ ਵਿੱਚ ਇਸ ਦੀ ਬਿਜਾਈ ਕਰਨੀ ਪੈਂਦੀ ਹੈ । ਪਾਲਕ ਵਿੱਚ ਵੱਖ-ਵੱਖ ਉਤਪਾਦਨ ਅਤੇ ਚੰਗੀਆਂ ਤਕਨੀਕਾਂ ਨੂੰ ਅਪਣਾਉਣ ਨਾਲ ਕਿਸਾਨ ਆਪਣੀ ਆਮਦਨੀ ਵਧਾਉਣ ਵਿੱਚ ਸਫਲ ਹੋ ਸਕਦੇ ਹਨ ।

**ਖੇਤ ਦੀ ਤਿਆਰੀ** : ਪਾਲਕ ਦੀ ਬਿਜਾਈ ਤੋਂ ਪਹਿਲਾਂ ਖੇਤ ਦੀ ਚੰਗੀ ਤਰ੍ਹਾਂ ਨਾਲ ਵਹਾਈ ਕਰਕੇ ਮਿੱਟੀ ਨੂੰ ਭੁਰਭੁਰੀ ਕਰ ਲੈਣਾ ਚਾਹੀਦਾ ਹੈ । ਇਸ ਦੇ ਲਈ ਹੈਰੋ ਜਾਂ ਕਲਟੀਵੇਟਰ ਨਾਲ 2-3 ਵਾਰ ਵਾਹੀ ਕੀਤੀ ਜਾਣੀ ਚਾਹੀਦੀ ਹੈ । ਵਾਹੀ ਦੇ ਸਮੇਂ ਹੀ ਖੇਤ ਵਿੱਚੋਂ ਨਦੀਨ ਕੱਢ ਦੇਣੇ ਚਾਹੀਦੇ ਹਨ । ਚੰਗੀ ਉਪਜ ਦੇ ਲਈ ਖੇਤ ਵਿੱਚੋਂ ਸੁਹਾਗਾ ਲਗਾਉਣ ਤੋਂ ਪਹਿਲਾਂ 25 ਤੋਂ 30 ਟਨ ਗੋਬਰ ਦੀ ਸੜ੍ਹੀ ਖਾਦ ਅਤੇ ਇਕ ਕੁਇੰਟਲ ਨਿੰਮ ਦੀ ਖਲੀ ਜਾਂ ਨਿੰਮ ਦੀਆਂ ਪੱਤੀਆਂ ਤੋਂ ਤਿਆਰ ਕੀਤੀ ਗਈ ਖਾਦ ਨੂੰ ਪ੍ਰਤੀ ਹੈਕਟੇਅਰ ਦੀ ਦਰ ਨਾਲ ਖੇਤਾਂ ਵਿੱਚ ਬਿਖੇਰ ਦੇਣਾ ਚਾਹੀਦਾ ਹੈ । ਬਿਜਾਈ ਦੇ ਲਈ ਪਾਲਕ ਦੀ ਉੱਨਤ ਕਿਸਮਾਂ ਦੀ ਚੋਣ ਕਰਨੀ ਚਹੀਦੀ ਹੈ ।

**ਬਿਜਾਈ ਦਾ ਸਮਾਂ** : ਵੈਸੇ ਤਾਂ ਪਾਲਕ ਦੀ ਬਿਜਾਈ ਪੂਰੇ ਸਾਲ ਵਿੱਚ ਕੀਤੀ ਜਾ ਸਕਦੀ ਹੈ, ਪ੍ਰੰਤੂ ਫਰਵਰੀ ਤੋਂ ਮਾਰਚ ਅਤੇ ਨਵੰਬਰ ਤੋਂ ਦਸੰਬਰ ਦੇ ਦੌਰਾਨ ਬਿਜਾਈ ਕਰਨਾ ਜ਼ਿਆਦਾ ਲਾਭਦਾਇਕ ਰਹਿੰਦਾ ਹੈ ।

**ਬੀਜ ਦੀ ਮਾਤਰਾ ਅਤੇ ਬਿਜਾਈ** : ਪਾਲਕ ਦੀ ਉੱਨਤ ਕਿਸਮਾਂ ਦੇ 25-30 ਕਿਲੋਗ੍ਰਾਮ ਬੀਜ ਇਕ ਹੈਕਟੇਅਰ ਖੇਤ ਦੇ ਲਈ ਠੀਕ ਰਹਿੰਦੇ ਹਨ । ਬਿਜਾਈ ਤੋਂ ਪਹਿਲਾਂ ਬੀਜਾਂ ਨੂੰ 5-6 ਘੰਟਿਆਂ ਤੱਕ ਪਾਣੀ ਵਿਚ ਭਿਉਂ ਕੇਰੱਖਣ ਨਾਲ ਬੀਜਾਂ ਦਾ ਜਮਾਅ ਵਧੀਆ ਹੁੰਦਾ ਹੈ । ਬਿਜਾਈ ਦੇ ਸਮੇਂ ਖੇਤ ਵਿੱਚ ਉਚਿਤ ਮਾਤਰਾ ਵਿੱਚ ਨਮੀਂ ਹੋਣੀ ਚਾਹੀਦੀ ਹੈ ।

**ਦੇਸੀ ਅਤੇ ਰਸਾਇਣਿਕ ਖਾਦਾਂ** : ਪਾਲਕ ਦੀ ਖੇਤੀ ਲਈ ਗੋਬਰ ਦੀ ਗਲੀ ਸੜ੍ਹੀ ਖਾਦ ਅਤੇ ਵਰਮੀਕੰਪੋਸਟ ਦੀ ਵਰਤੋਂ ਠੀਕ ਹੁੰਦੀ ਹੈ । ਇਸ ਨਾਲ ਮਿੱਟੀ ਨੂੰ ਠੀਕ ਪੋਸ਼ਕ ਤੱਤ ਮਿਲਦੇ ਹਨ ਅਤੇ ਪਾਲਕ ਦੀ ਫਸਲ ਵੀ ਵਧੀਆ ਹੁੰਦੀ ਹੈ । ਬਿਜਾਈ ਦੇ ਸਮੇਂ 20 ਕਿਲੋਗ੍ਰਾਮ ਨਾਈਟ੍ਰੋਜਨ, 50 ਕਿਲੋਗ੍ਰਾਮ ਫਾਸਫੋਰਸ ਅਤੇ 60 ਕਿਲੋਗ੍ਰਾਮ ਪੋਟਾਸ਼ ਪ੍ਰਤੀ ਹੈਕਟੇਅਰ ਦੀ ਦਰ ਨਾਲ ਖੇਤ ਵਿੱਚ ਪਾਉਣ ਨਾਲ ਵੀ ਪੈਦਾਵਾਰ ਵਧਦੀ ਹੈ । ਇਸ ਤੋਂ ਇਲਾਵਾ ਹਰ ਕਟਾਈ ਦੇ ਬਾਅਦ 20 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਦੀ ਦਰ ਨਾਲ ਨਾਈਟ੍ਰੋਜਨ ਦੀ ਵਰਤੋਂ ਖੇਤ ਵਿਚ ਕਰਦੇ ਰਹਿਣਾ ਚਾਹੀਦਾ ਹੈ । ਇਸ ਨਾਲ ਉਤਪਾਦਨ ਵਿੱਚ ਚੰਗਾ ਵਾਧਾ ਹੋਵੇਗਾ ।

**ਨਦੀਨਾਂ ਅਤੇ ਕੀਟਾਂ ਦੀ ਰੋਕਥਾਮ** : ਪਾਲਕ ਵਿਚ ਵੈਸੇ ਤਾਂ ਕੀੜਿਆਂ ਦਾ ਹਮਲਾ ਘੱਟ ਹੁੰਦਾ ਹੈ, ਪ੍ਰੰਤੂ ਨਦੀਨ ਹੋਣ ਦੀ ਸ਼ੰਕਾ ਜ਼ਿਆਦਾ ਬਣੀ ਰਹਿੰਦੀ ਹੈ । ਪਾਲਕ ਦੀ ਫਸਲ ਵਿਚ ਕਿਸੇ ਵੀ ਤਰ੍ਹਾਂ ਦੇ ਰਸਾਇਣਿਕ ਕੀਟਨਾਸ਼ਕਾਂ ਦੀ ਵਰਤੋਂ ਤੋਂ ਬਚਣਾ ਚਾਹੀਦਾ ਹੈ । ਜੇਕਰ ਫਸਲ ਵਿੱਚ ਨਦੀਨ ਉੱਗ ਆਉਣ ਤਾਂ ਜੜ੍ਹ ਤੋਂ ਪੁੱਟ ਦੇਣਾ ਚਾਹੀਦਾ ਹੈ । ਇਸ ਫਸਲ ਵਿੱਚ ਪੱਤੀ ਖਾਣ ਵਾਲੇ ਕੀਟ ਦਾ ਹਮਲਾ ਦੇਖਿਆ ਜਾਂਦਾ ਹੈ । ਕੈਟਰਪਿਲਰ ਨਾਂ ਦਾ ਇਹ ਕੀਟ ਪਹਿਲਾਂ ਪੱਤੀਆਂ ਨੂੰ ਖਾਂਦਾ ਹੈ ਅਤੇ ਬਾਅਦ ਵਿੱਚ ਤਣਿਆਂ ਨੂੰ ਨਸ਼ਟ ਕਰ ਦਿੰਦਾ ਹੈ । ਇਸ ਕੀਟ ਤੋਂ ਛੁਟਕਾਰਾ ਪਾਉਣ ਲਈ ਜੈਵਿਕ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ । ਜੈਵਿਕ ਕੀਟਨਾਸ਼ਕ ਦੇ ਰੂਪ ਵਿੱਚ ਕਿਸਾਨ ਨਿੰਮ ਦੀਆਂ ਪੱਤੀਆਂ ਦਾ ਘੋਲ ਬਣਾ ਕੇ 15-20 ਦਿਨਾਂ ਦੇ ਅੰਤਰ 'ਤੇ ਛਿੜਕਾਅ ਕਰ ਸਕਦੇ ਹਨ । ਇਸ ਤੋਂ ਇਲਾਵਾ 20 ਲੀਟਰ ਗਾਂ ਦੇ ਮੂਤਰ ਵਿੱਚ 3 ਕਿਲੋਗ੍ਰਾਮ ਨਿੰਮ ਦੀਆਂ ਪੱਤੀਆਂ ਅਤੇ ਅੱਧਾ ਕਿਲੋਗ੍ਰਾਮ ਤੰਬਾਕੂ ਘੋਲ ਕੇ ਫਸਲ ਕੇ ਛਿੜਕਾਅ ਕਰਕੇ ਕੀਟ ਰੋਕਥਾਮ ਕੀਤੀ ਜਾ ਸਕਦੀ ਹੈ ।

**ਪੈਦਾਵਾਰ ਵਿਚ ਲਾਭ** : ਪਾਲਕ ਦੀ ਬਿਜਾਈ ਦੇ ਇਕ ਮਹੀਨੇ ਬਾਅਦ ਜਦੋਂ ਪੱਤੀਆਂ ਦੀ ਲੰਬਾਈ 15-30 ਸੈਂਟੀਮੀਟਰ ਦੇ ਲਗਭਗ ਹੋ ਜਾਵੇ ਤਾਂ ਪਹਿਲੀ ਕਟਾਈ ਕਰ ਦੇਣੀ ਚਾਹੀਦੀ ਹੈ । ਇਹ ਧਿਆਨ ਰੱਖੋ ਕਿ ਪੌਦਿਆਂ ਦੀਆਂ ਜੜ੍ਹਾਂ ਤੋਂ 5-6 ਸੈਂਟੀਮੀਟਰ ਉੱਪਰ ਤੋਂ ਹੀ ਪੱਤੀਆਂ ਦੀ ਕਟਾਈ ਕੀਤੀ ਜਾਣੀ ਚਾਹੀਦੀ ਹੈ । ਹਰ ਕਟਾਈ ਵਿੱਚ 15-20 ਦਿਨਾਂ ਦਾ ਅੰਦਰ ਜ਼ਰੂਰ ਰੱਖਣਾ ਚਾਹੀਦਾ ਹੈ । ਹਰ ਕਟਾਈ ਤੋਂ ਬਾਅਦ ਫਸਲ ਦੀ ਸਿੰਚਾਈ ਕਰੋ । ਇਸ ਨਾਲ ਫਸਲ ਤੇਜ਼ੀ ਨਾਲ ਵੱਧਦੀ ਹੈ ।

ਜਿੱਥੋਂ ਤੱਕ ਉਤਪਾਦਨ ਅਤੇ ਆਮਦਨ ਦਾ ਸਵਾਲ ਹੈ ਤਾਂ ਇਕ ਹੈਕਟੇਅਰ ਫਸਲ ਤੋਂ 150-250 ਕੁਇੰਟਲ ਤੱਕ ਦੀ ਔਸਤ ਉਪਜ ਪ੍ਰਾਪਤ ਕੀਤੀ ਜਾ ਸਕਦੀ ਹੈ, ਜੋ ਬਾਜ਼ਾਰ ਵਿੱਚ 5-15 ਰੁਪਏ ਪ੍ਰਤੀ ਕਿਲੋਗ੍ਰਾਮ ਦੀ ਦਰ ਨਾਲ ਆਸਾਨੀ ਨਾਲ ਵੇਚੀ ਜਾ ਸਕਦੀ ਹੈ । ਇਸ ਪ੍ਰਕਾਰ ਜੇਕਰ ਪ੍ਰਤੀ ਹੈਕਟੇਅਰ ਖਰਚ ਦੇ 25 ਹਜ਼ਾਰ ਰੁਪਏ ਕੱਢ ਦਿੱਤੇ ਜਾਣ ਤਾਂ 500-700 ਰੁਪਏ ਪ੍ਰਤੀ ਕੁਇੰਟਲ ਦੀ ਦਰ ਨਾਲ 200 ਕੁਇੰਟਲ ਤੋਂ 3 ਮਹੀਨਿਆਂ ਵਿੱਚ 1.75 ਲੱਖ ਹਜ਼ਾਰ ਰੁਪਏ ਦੀ ਆਮਦਨੀ ਆਸਾਨੀ ਨਾਲ ਹੋ ਸਕਦੀ ਹੈ ।

**ਪਾਲਕ ਦੀ ਖੇਤੀ ਦੇ ਆਧੁਨਿਕ ਤਰੀਕੇ**

**ਪਾਲਕ ਦੀ ਆਫ-ਸੀਜ਼ਨ (ਬੇ-ਮੌਸਮੀ) ਖੇਤੀ** : ਸਬਜ਼ੀਆਂ ਦੇ ਆਮ ਮੌਸਮ ਤੋਂ ਬਾਅਦ ਜਾਂ ਉਸ ਤੋਂ ਪਹਿਲਾਂ ਤਾਜ਼ੀ ਸਬਜ਼ੀ ਦਾ ਉਤਪਾਦਨ, ਆਫ ਸੀਜ਼ਨ ਸਬਜ਼ੀ ਕਿਹਾ ਜਾਂਦਾ ਹੈ । ਉਦੇਸ਼ ਇਹ ਹੈ ਕਿ ਉਹ ਆਪਣੀ ਪੂਰਤੀ ਦੀ ਘੱਟ ਸਮੇਂ ਦੇ ਦੌਰਾਨ ਸਬਜ਼ੀਆਂ ਦਾ ਉਤਪਾਦਨ ਅਤੇ ਬਾਜ਼ਾਰ ਵਿਚ ਮੰਗ ਪੂਰੀ ਕਰਨ । ਆਫ ਸੀਜ਼ਨ ਦੀ ਪਾਲਕ ਕਿਸਾਨਾਂ ਨੂੰ ਚੰਗਾ ਮੁੱਲ ਪ੍ਰਦਾਨ ਕਰ ਸਕਦੀ ਹੈ, ਜਿਸ ਨਾਲ ਉਹ ਜ਼ਿਆਦਾ ਲਾਭ ਪ੍ਰਾਪਤ ਕਰ ਸਕਦੇ ਹਨ । ਪਾਲਕ ਦੀ ਆਫ ਸੀਜ਼ਨ ਖੇਤੀ ਦੇ ਲਈ ਜ਼ਿਆਦਾ ਪੋਸ਼ਕ ਤੱਤਾਂ ਦੇ ਨਾਲ ਥੋੜ੍ਹੇ ਜ਼ਿਆਦਾ ਬੀਜਾਂ ਦੀ ਜ਼ਰੂਰਤ ਹੁੰਦੀ ਹੈ । ਪਾਲਕ ਦੀ ਆਫ ਸੀਜ਼ਨ ਖੇਤੀ ਨਾਲ ਕਿਸਾਨ ਸਾਲ ਭਰ ਰੋਜ਼ਗਾਰ ਪ੍ਰਾਪਤ ਕਰ ਸਕਦੇ ਹਨ ਅਤੇ ਕਿਸਾਨ ਸਬਜ਼ੀ ਉਤਪਾਦਨ ਦੀ ਉੱਨਤ ਤਕਨੀਕ ਸਿਖ ਸਕਦੇ ਹਨ । ਇਸ ਦੇ ਨਾਲ ਹੀ ਉਹ ਆਤਮ ਵਿਸ਼ਵਾਸ ਵਿਕਸਿਤ ਕਰ ਸਬਜ਼ੀ ਉਤਪਾਦਨ ਨੂੰ ਅਪਣਾ ਕੇ ਮੁੱਖ ਪੇਸ਼ਾ ਬਣਾ ਸਕਦੇ ਹਨ । ਇਸ ਨਾਲ ਗਾਹਕ ਤਾਜ਼ੀਆਂ ਸਬਜ਼ੀਆਂ ਪ੍ਰਾਪਤ ਕਰ ਸਕਦੇ ਹਨ । ਕਦੇ-ਕਦੇ ਤਾਜ਼ੀਆਂ ਸਬਜ਼ੀਆਂ ਨੂੰ ਬਰਆਮਦ (Export) ਕਰਨਾ ਅਤੇ ਵਿਦੇਸ਼ੀ ਕਰੰਸੀ ਕਮਾਉਣ ਵਿੱਚ ਵੀ ਸਹਾਇਕ ਹੋ ਜਾਂਦਾ ਹੈ ।

**ਪਾਲਕ ਤੋਂ ਮੁੱਲਵਾਨ ਉਤਪਾਦ ਬਣਾਉਣਾ** : ਵਧੇਰੇ ਕਮਾਈ ਲਈ ਪਾਲਕ ਗਰੀਨ ਦੇ ਦੁਰਲਭ ਹੋਣ 'ਤੇ ਗਰਮੀਆਂ ਦੀ ਵਿਕਰੀ ਦੇ ਲਈ ਇਕ ਬੇਹਤਰ ਕਮਾਈ ਦਾ ਉਤਪਾਦ ਹੋ ਸਕਦਾ ਹੈ । ਆਮ ਤੌਰ ਤੇ ਪਾਲਕ ਦੀ ਕੈਨਿੰਗ ਅਤੇ ਫਰੀਜ਼ਿੰਗ ਕੀਤੀ ਜਾਂਦੀ ਹੈ । ਫਰੀਜ਼ਿੰਗ ਆਮ ਤੌਰ ਤੇ ਕੈਨਿੰਗ ਦੀ ਤੁਲਨਾ ਵਿੱਚ ਜ਼ਿਆਦਾ ਆਸਾਨੀ ਨਾਲ ਹੁੰਦੀ ਹੈ । ਜੂਸ ਦੇ ਲਈ ਪਾਲਕ ਆਰਟੀਚੋਕ ਡਿਪ, ਪਾਲਕ ਸੂਪ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ।

**ਪਾਲਕ ਬੀਜ ਦਾ ਉਤਪਾਦਨ** : ਪਾਲਕ ਦਾ ਹਾਈਬ੍ਰਿਡ ਬੀਜ ਬਹੁਤ ਮਹਿੰਗਾ ਹੁੰਦਾ ਹੈ । ਇਸ ਲਈ ਕਿਸਾਨ ਆਪਣੀ ਆਮਦਨ ਵਧਾਉਣ ਦੇ ਲਈ ਪਾਲਕ ਬੀਜ ਉਤਪਾਦਨ ਵੀ ਕਰ ਸਕਦੇ ਹਨ । ਕਿਸਾਨ ਬੀਜ ਪ੍ਰਮਾਣੀਕਰਨ ਏਜੰਸੀ ਦੇ ਮਾਪਦੰਡਾਂ ਦਾ ਪਾਲਣ ਕਰਕੇ ਬੀਜ ਉਤਪਾਦਨ ਇਕਾਈ ਸਥਾਪਿਤ ਕਰ ਸਕਦੇ ਹਨ ਅਤੇ ਪ੍ਰਮਾਣਿਤ ਹੋਣ ਤੋਂ ਬਾਅਦ ਆਪਣਾ ਬੀਜ ਵੇਚ ਸਕਦੇ ਹਨ । ਇਸ ਨਾਲ ਉਹਨਾਂ ਦੀ ਆਮਦਨ ਵਿੱਚ ਸੁਧਾਰ ਹੋ ਸਕਦਾ ਹੈ, ਕਿਉਂਕਿ ਪਾਲਕ ਦੀ ਹਾਈਬ੍ਰਿਡ ਕਿਸਮ ਦੀ ਚੰਗੇ ਮੁੱਲ ਤੇ ਵਿਕਰੀ ਹੋ ਜਾਂਦੀ ਹੈ । ਬੀਜ ਦੇ ਉਤਪਾਦਨ ਦੇ ਲਈ 50x30 ਸੈਂਟੀਮੀਟਰ ਫਾਸਲੇ ਦਾ ਪ੍ਰਯੋਗ ਕਰੋ । ਪਾਲਕ ਦੇ ਬੀਜ ਉਤਪਾਦਨ ਦੇ ਲਈ ਲਗਭਗ 1000 ਵਰਗਮੀਟਰ ਦਾ ਖੇਤਰ ਹੋਣਾ ਚਾਹੀਦਾ ਹੈ । ਹਰੇਕ ਪੰਜ ਲਾਈਨਾਂ ਤੋਂ ਬਾਅਦ ਇਕ ਲਾਈਨ ਛੱਡਣੀ ਚਾਹੀਦੀ ਹੈ । ਜੋ ਕਿ ਖੇਤ ਦੇ ਪਰਖ ਦੇ ਲਈ ਜ਼ਰੂਰੀ ਹੈ । ਰੋਗੀ ਪੌਦਿਆਂ ਨੂੰ ਪੁੱਟ ਦਿਓ, ਪੱਤਿਆਂ ਵਿਚ ਵਿਭਿੰਨਤਾ ਦਿਖਾਉਣ ਵਾਲੇ ਪੌਦਿਆਂ ਨੂੰ ਪੁੱਟ ਦਿਉ । ਜਦੋਂ ਭੂਰੇ ਰੰਗ ਦੇ ਹੋ ਜਾਣ ਤਾਂ ਫਸਲ ਦੀ ਕਟਾਈ ਕਰੋ । ਕਟਾਈ ਦੇ ਬਾਅਦ ਪੌਦਿਆਂ ਨੂੰ ਸੁੱਕਣ ਦੇ ਲਈ ਇਕ ਹਫਤੇ ਦੇ ਲਈ ਖੇਤ ਵਿੱਚ ਹੀ ਰਹਿਣ ਦਿਉ । ਚੰਗੀ ਤਰ੍ਹਾਂ ਸੁੱਕਣ ਦੇ ਬਾਅਦ ਬੀਜ ਲੈਣ ਦੇ ਲਈ ਫਸਲ ਦੀ ਛਟਾਈ ਕਰੋ ।

**ਉੱਨਤ ਕਿਸਮਾਂ** : ਪਾਲਕ ਦੀ ਖੇਤੀ ਨਾਲ ਜ਼ਿਆਦਾ ਉਤਪਾਦਨ ਦੇ ਲਈ ਆਪਣੇ ਖੇਤਰ ਅਤੇ ਜਲਵਾਯੂ ਦੇ ਆਧਾਰ 'ਤੇ ਕਿਸਮਾਂ ਦੀ ਚੋਣ ਕਰਨੀ ਚਾਹੀਦੀ ਹੈ । ਪਾਲਕ ਦੀਆਂ ਕੁਝ ਪ੍ਰਚਲਿਤ ਕਿਸਮਾਂ ਇਸ ਪ੍ਰਕਾਰ ਹਨ :

**ਪੂਸਾ ਪਾਲਕ** : ਇਸ ਕਿਸਮ ਨੂੰ ਸਵਿਸਗਾਰਡ ਨਾਲ ਮੇਲ ਕਰਕੇ ਵਿਕਸਿਤ ਕੀਤਾ ਗਿਆ ਹੈ । ਇਸ ਵਿਚ ਇਕਸਾਰ ਹਰੇ ਪੱਤੇ ਆਉਂਦੇ ਹਨ । ਇਸ ਵਿਚ ਜਲਦੀ ਨਾਲ ਫੁੱਲ ਵਾਲੇ ਡੰਡਲ ਬਣਨ ਦੀ ਸਮੱਸਿਆ ਨਹੀਂ ਆਉਂਦੀ ਹੈ ।

**ਪੂਸਾ ਹਰਿਤ** : ਇਸ ਕਿਸਮ ਨੂੰ ਪਹਾੜੀ ਇਲਾਕਿਆਂ ਵਿੱਚ ਪੂਰਾ ਸਾਲ ਉਗਾਇਆ ਜਾ ਸਕਦਾ ਹੈ । ਇਸ ਦੇ ਪੌਦੇ ਉੱਪਰ ਵੱਲ ਵੱਧਣ ਵਾਲੇ ਹਰੇ ਗੂੜੇ ਰੰਗ ਦੇ ਅਤੇ ਵੱਡੇ ਆਕਾਰ ਦੀ ਪੱਤੀ ਵਾਲੇ ਹੁੰਦੇ ਹਨ । ਇਸ ਦੀਆਂ ਕਈਂ ਕਟਾਈਆਂ ਕੀਤੀਆਂ ਜਾ ਸਕਦੀਆਂ ਹਨ । ਇਸ ਵਿੱਚ ਬੀਜ ਬਣਾਉਣ ਵਾਲੇ ਡੰਡਲ ਦੇਰ ਨਾਲ ਨਿਕਲਦੇ ਹਨ । ਇਸ ਕਿਸਮ ਨੂੰ ਅਲੱਗ ਪ੍ਰਕਾਰ ਦੀ ਜਲਵਾਯੂ ਅਤੇ ਖਾਰੀ ਜ਼ਮੀਨਾਂ ਵਿੱਚ ਵੀ ਆਸਾਨੀ ਨਾਲ ਉਗਾਇਆ ਜਾ ਸਕਦਾ ਹੈ ।

**ਪੂਸਾ ਜਯੋਤੀ** : ਇਹ ਇਕ ਪ੍ਰਭਾਵੀ ਕਿਸਮ ਹੈ, ਜਿਸ ਵਿੱਚ ਬਹੁਤ ਸੰਖਿਆ ਵਿਚ ਮੁਲਾਇਮ, ਰਸੀਲੀਆਂ ਅਤੇ ਬਿਨਾਂ ਰੇਸ਼ਿਆਂ ਦੀਆਂ ਹਰੀਆਂ ਪੱਤੀਆਂ ਆਉਂਦੀਆਂ ਹਨ । ਪੌਦੇ ਬਹੁਤ ਵੱਧਣ ਵਾਲੇ ਹੁੰਦੇ ਹਨ । ਇਸ ਦੀ ਕਟਾਈ ਬਹੁਤ ਘੱਟ ਅੰਤਰ 'ਤੇ ਕੀਤੀ ਜਾ ਸਕਦੀ ਹੈ । ਇਸ ਕਿਸਮ ਵਿੱਚ ਆਲ ਗ੍ਰੀਨ ਦੇ ਮੁਕਾਬਲੇ ਪੋਟਾਸ਼ੀਅਮ, ਕੈਲਸ਼ੀਅਮ ਅਤੇ ਐਸਕੋਰਬਿਕ ਐਸਿਡ ਦੀ ਮਾਤਰਾ ਜ਼ਿਆਦਾ ਪਾਈ ਜਾਂਦੀ ਹੈ । ਇਸ ਕਿਸਮ ਦੀ ਕੁੱਲ 6 ਤੋਂ 7 ਕਟਾਈਆਂ ਆਸਾਨੀ ਨਾਲ ਕੀਤੀਆਂ ਜਾ ਸਕਦੀਆਂ ਹਨ ।

**ਹਿਸਾਰ ਸਲੈਕਸ਼ਨ-23** : ਇਸ ਦੀਆਂ ਪੱਤੀਆਂ ਵੱਡੀਆਂ, ਗੂੜ੍ਹੇ ਹਰੇ ਰੰਗ ਦੀਆਂ, ਮੋਟੀਆਂ, ਰਸੀਲੀਆਂ ਅਤੇ ਮੁਲਾਇਮ ਹੁੰਦੀਆਂ ਹਨ । ਇਹ ਘੱਟ ਸਮੇਂ 'ਤੇ ਤਿਆਰ ਹੋਣ ਵਾਲੀ ਕਿਸਮ ਹੈ, ਜਿਸ ਦੀ ਪਹਿਲੀ ਕਟਾਈ ਬਿਜਾਈ ਦੇ 30 ਦਿਨਾਂ ਬਾਅਦ ਸ਼ੁਰੂ ਕੀਤੀ ਜਾ ਸਕਦੀ ਹੈ ਅਤੇ 6 ਤੋਂ 8 ਕਟਾਈਆਂ 15 ਦਿਨਾਂ ਦੇ ਅੰਤਰ ਤੇ ਆਸਾਨੀ ਨਾਲ ਕੀਤੀਆਂ ਜਾ ਸਕਦੀਆਂ ਹਨ ।

**ਆਲ ਗ੍ਰੀਨ** : ਇਸ ਕਿਸਮ ਦੇ ਪੌਦੇ ਇਕਸਾਰ ਹਰੇ, ਮੁਲਾਇਮ ਅਤੇ ਪੱਤੇ 15 ਤੋਂ 20 ਦਿਨਾਂ ਦੇ ਅੰਤਰ 'ਤੇ ਕਟਾਈ ਦੇ ਲਈ ਤਿਆਰ ਹੋ ਜਾਂਦੇ ਹਨ । ਇਸ ਦੀਆਂ 6-7 ਕਟਾਈਆਂ ਆਸਾਨੀ ਨਾਲ ਕੀਤੀਆਂ ਜਾ ਸਕਦੀਆਂ ਹਨ । ਇਹ ਇੱਕ ਜ਼ਿਆਦਾ ਉਪਜ ਦੇਣ ਵਾਲੀ ਕਿਸਮ ਹੈ ਅਤੇ ਇਸ ਵਿੱਚ ਸਰਦੀ ਦੇ ਦਿਨਾਂ ਵਿਚ ਲਗਭਗ ਢਾਈ ਮਹੀਨੇ ਬਾਅਦ ਬੀਜ ਅਤੇ ਡੰਡਲ ਬਣਦੇ ਹਨ ।

**ਲਾਂਗ ਸਟੈਂਡਿੰਗ** : ਇਸ ਦੀਆਂ ਪੱਤੀਆਂ ਗੂੜ੍ਹੇ, ਹਰੇ ਰੰਗ ਦੀਆਂ, ਮੋਟੀਆਂ ਅਤੇ ਲੰਬੀਆਂ ਹੁੰਦੀਆਂ ਹਨ । ਇਸ ਕਿਸਮ ਵਿੱਚ ਫੁੱਲ ਹੌਲੀ-ਹੌਲੀ ਨਿਕਲਦੇ ਹਨ । ਇਹ ਜ਼ਿਆਦਾ ਉਪਜ ਦੇਣ ਵਾਲੀ ਕਿਸਮ ਹੈ । ਇਸ ਕਿਸਮ ਨੂੰ ਉੱਤਰ ਪ੍ਰਦੇਸ਼, ਬਿਹਾਰ ਅਤੇ ਉੱਤਰ ਪੂਰਬੀ ਪਹਾੜੀ ਖੇਤਰਾਂ ਵਿਚ ਉਗਾਉਣ ਦੇ ਲਈ ਸਿਫਾਰਿਸ਼ ਕੀਤਾ ਗਿਆ ਹੈ । ਇਹ ਕਿਸਮ ਖੁਸ਼ਕ ਅਤੇ ਉਚਾਈ ਵਾਲੇ ਪਹਾੜੀ ਖੇਤਰਾਂ ਦੇ ਲਈ ਠੀਕ ਹੈ ।

**ਪੰਤ ਕੰਪੋਜ਼ਿਟ-1** : ਇਹ ਬਹੁਤ ਉਪਜਾਊ ਕਿਸਮ ਹੈ ਅਤੇ ਇਸ ਦੀਆਂ ਪੱਤੀਆਂ 'ਤੇ ਸਰਕੋਸਪੋਰ ਪੱਤੀ ਧੱਬਾ ਰੋਗ ਦਾ ਹਮਲਾ ਘੱਟ ਹੁੰਦਾ ਹੈ ।

**ਜ਼ੋਬਨੇਰ ਗ੍ਰੀਨ** : ਇਸ ਕਿਸਮ ਵਿੱਚ ਇਕਸਾਰ ਬਰਾਬਰ ਹਰੇ, ਵੱਡੇ ਮੋਟੇ, ਰਸੀਲੇ ਅਤੇ ਮੁਲਾਇਮ ਪੱਤੇ ਆਉਂਦੇ ਹਨ । ਪੱਤੀਆਂ ਪਕਾਉਣ 'ਤੇ ਆਸਾਨੀ ਨਾਲ ਗਲ ਜਾਂਦੀਆਂ ਹਨ । ਇਸ ਕਿਸਮ ਨੂੰ ਖਾਰੀ ਮਿੱਟੀ ਵਿੱਚ ਵੀ ਉਗਾਇਆ ਜਾ ਸਕਦਾ ਹੈ ।

**ਬਨਰਜ਼ੀ ਜਾਇੰਟ** : ਇਸ ਦੇ ਪੱਤੇ ਬਹੁਤ ਵੱਡੇ, ਮੋਟੇ ਅਤੇ ਮੁਲਾਇਮ ਹੁੰਦੇ ਹਨ । ਤਣੇ ਅਤੇ ਜੜ੍ਹਾਂ ਵੀ ਬਹੁਤ ਮੁਲਾਇਮ ਹੁੰਦੀਆਂ ਹਨ ।

**ਅੰਤਰ-ਫਸਲ (Inter Crop) ਦੇ ਰੂਪ ਵਿੱਚ ਪਾਲਕ** : ਸਬਜ਼ੀਆਂ ਦੇ ਪੌਸ਼ਕ ਤੱਤਾਂ, ਵਿਟਾਮਿਨ, ਖਣਿਜ, ਐਂਟੀਆਕਸੀਡੈਂਟ, ਫਾਈਬਰ, ਕਾਰਬੋਹਾਈਡਰੇਟ, ਆਦਿ ਦੇ ਸਮੁੰਦਰ ਸੋਮੇ ਹੋਣ ਅਤੇ ਔਸ਼ਧੀ ਮੁੱਲ ਦੇ ਕਾਰਨ ਚੰਗੀ ਆਮਦਨ ਅਤੇ ਜਾਗਰੂਕਤਾ ਦੇ ਕਾਰਨ ਲੋਕਾਂ ਦੇ ਵਿੱਚ ਸਬਜ਼ੀਆਂ ਦੀ ਮੰਗ ਦਿਨ ਪ੍ਰਤੀ ਦਿਨ ਵੱਧ ਰਹੀ ਹੈ । ਦੇਸ਼ ਭਰ ਵਿੱਚ ਸ਼ਹਿਰੀਕਰਨ ਵਧੇਰੇ ਜਨਸੰਖਿਆ ਵਾਧਾ ਅਤੇ ਉਦਯੋਗੀਕਰਣ ਦੇ ਕਾਰਨ ਜ਼ਮੀਨ ਦੀ ਦਿਨ ਪ੍ਰਤੀ ਦਿਨ ਕਮੀਂ ਹੋ ਰਹੀ ਹੈ । ਇਸ ਲਈ ਮੰਗ ਨੂੰ ਪੂਰਾ ਕਰਨ ਦੇ ਲਈ ਪ੍ਰਤੀ ਯੂਨਿਟ ਖੇਤਰ ਵਿੱਚ ਜ਼ਿਆਦਾ ਸਬਜ਼ੀਆਂ ਦਾ ਉਤਪਾਦਨ ਕਰਨ ਦੀਆਂ ਚੁਣੌਤੀਆਂ ਹਨ । ਇਸ ਸਮੇਂ ਰਣਨੀਤੀ ਇਹ ਹੋਣੀ ਚਾਹੀਦੀ ਹੈ ਕਿ ਪਾਣੀ, ਖਾਦਾਂ ਦੇ ਅਨੁਕੂਲ ਉਪਯੋਗ ਅਤੇ ਖੇਤੀ ਪ੍ਰਬੰਧ ਕਿਰਿਆਵਾਂ ਨੂੰ ਅਪਣਾ ਕੇ ਘੱਟ ਜ਼ਮੀਨ ਤੋਂ ਜ਼ਿਆਦਾ ਮਾਤਰਾ ਵਿੱਚ ਸਬਜ਼ੀਆਂ ਦਾ ਉਤਪਾਦਨ ਕਿਵੇਂ ਕੀਤਾ ਜਾਵੇ । ਕਰੋਪਿੰਗ ਸਿਸਟਮ ਜਿਵੇਂ ਇੰਟਰ ਕਰੋਪਿੰਗ, ਮਿਸ਼ਰਿਤ ਕਰੋਪਿੰਗ, ਰਿਲੇ ਕਰੋਪਿੰਗ ਆਦਿ ਵਿਕਲਪ ਹਨ । ਇਨ੍ਹਾਂ ਦਾ ਪ੍ਰਤੀ ਯੂਨਿਟ ਖੇਤਰ ਵਿੱਚ ਉੱਚ ਉਤਪਾਦਨ ਦੇ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ । ਇੰਟਰ ਕਰੋਪਿੰਗ ਦਾ ਅਰਥ ਹੈ ਕਿ ਇਕ ਹੀ ਜ਼ਮੀਨ 'ਤੇ ਇਕ ਸਮੇਂ ਵਿੱਚ ਦੋ ਜਾਂ ਦੋ ਤੋਂ ਜ਼ਿਆਦਾ ਤਰ੍ਹਾਂ ਦੀਆਂ ਫਸਲਾਂ ਨੂੰ ਉਗਾਉਣਾ ਹੈ । ਪਾਲਕ ਸੰਘਣੀ ਥਾਂ ਲੈਣ ਵਾਲੀ, ਘੱਟ ਸਮੇਂ ਦੀ ਫਸਲ ਹੈ । ਇਸ ਦੀ ਵਰਤੋਂ ਜ਼ਮੀਨ ਦੇ ਇਕ ਹੀ ਟੁਕੜੇ ਤੋਂ ਜ਼ਿਆਦਾ ਆਮਦਨ ਪੈਦਾ ਕਰਨ ਦੇ ਲਈ ਇੰਟਰ ਕਰੋਪ ਦੇ ਰੂਪ ਵਿਚ ਕੀਤਾ ਜਾ ਸਕਦਾ ਹੈ । ਵਿਗਿਆਨੀਆਂ ਨੇ ਅਲੱਗ-ਅਲੱਗ ਸਬਜ਼ੀਆਂ 'ਤੇ ਇੰਟਰ ਕਰੋਪਿੰਗ ਦਾ ਅਧਿਐਨ ਕੀਤਾ ਅਤੇ ਜਾਣਿਆ ਕਿ ਪਾਲਕ ਦੀ ਮੁੱਖ ਫਸਲ ਵਿੱਚ ਮੂਲੀਆਂ ਪਿਆਜ਼ ਅਤੇ ਧਨੀਆਂ ਦੀ ਤੁਲਨਾ ਵਿੱਚ ਵਧੀਆ ਪ੍ਰਭਾਵ ਹੈ । ਜੇਕਰ ਪਾਲਕ ਨੂੰ ਇੰਟਰ ਕਰੋਪ ਦੇ ਰੂਪ ਵਿੱਚ ਲਿਆ ਜਾਵੇ ਤਾਂ ਇਸਨੂੰ ਠੀਕ ਇੰਟਰ ਕਰੋਪ ਮੰਨਿਆ ਜਾਂਦਾ ਹੈ । ਇਹ ਆਪਣੇ ਸੰਘਣੇ ਫੈਲਾਅ ਦੇ ਕਾਰਨ ਮੁੱਖ ਫਸਲ ਦੀਆਂ ਦੋ ਕਤਾਰਾਂ ਦੇ ਅੰਦਰ ਬਹੁਤ ਆਸਾਨੀ ਨਾਲ ਵਧਦੀ ਹੈ । ਇਸ ਦੇ ਨਾਲ ਹੀ ਜੇਕਰ ਪਾਲਕ ਨੂੰ ਆਫ ਸੀਜ਼ਨ ਇੰਟਰ ਕਰੋਪ ਦੇ ਰੂਪ ਵਿੱਚ ਉਗਾਇਆ ਜਾਵੇ ਤਾਂ ਮਾਰਕੀਟ ਮੁੱਲ ਵਧੇਰੇ ਪ੍ਰਾਪਤ ਹੁੰਦਾ ਹੈ । ਇਹ ਕਿਸਾਨਾਂ ਨੂੰ ਸਥਿਰ ਉਤਪਾਦਨ ਪ੍ਰਾਪਤ ਕਰਨ ਅਤੇ ਮਿੱਟੀ ਦੀ ਉਪਜਾਊ ਦੇ ਪੱਧਰ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ । ਇੰਟਰ ਕਰੋਪਿੰਗ ਸਿਸਟਮ ਦੇ ਨਤੀਜੇ ਵਜੋਂ ਉਪਜ ਵਿੱਚ ਲਾਭ ਵੀ ਮਿਲਦਾ ਹੈ, ਕਿਉਂਕਿ ਦੂਜੀਆਂ / ਸਹਿ ਫਸਲਾਂ ਵਿਕਾਸ ਸੰਸਥਾਵਾਂ ਦੇ ਉਪਯੋਗ ਵਿੱਚ ਭਿੰਨ ਹੁੰਦੀਆਂ ਹਨ ।

**ਸਾਰਣੀ : ਬੈਂਗਣ-ਪਾਲਕ ਇੰਟਰ ਕਰਾਪਿੰਗ ਸਿਸਟਮ ਦਾ ਲਾਭ-ਲਾਗਤ ਅਨੁਪਾਤ**

| ਉਪਚਾਰ | ਲਾਭ-ਲਾਗਤ ਅਨੁਪਾਤ |
|---|---|
| ਕੇਵਲ ਬੈਂਗਣ 60×60 ਸੈਂਟੀਮੀਟਰ 'ਤੇ | 2.58 |
| ਕੇਵਲ ਪਾਲਕ 20×5 ਸੈਂਟੀਮੀਟਰ 'ਤੇ | 2.02 |
| ਕੇਵਲ ਯੁਗਮਿਤ ਬੈਂਗਣ 30×60×60 ਸੈਂਟੀਮੀਟਰ 'ਤੇ | 2.36 |
| ਬੈਂਗਣ + ਪਾਲਕ (ਪ੍ਰਸਾਰਣ) | 2.93 |
| ਬੈਂਗਣ + ਪਾਲਕ (ਇਕ ਕਤਾਰ) | 3.76 |
| ਬੈਂਗਣ + ਪਾਲਕ (ਦੋ ਕਤਾਰਾਂ) | 3.45 |
| ਬੈਂਗਣ + ਪਾਲਕ (ਤਿੰਨ ਕਤਾਰਾਂ) | 3.41 |
| ਯੁਗਮਿਤ ਕਤਾਰ ਬੈਂਗਣ + ਪਾਲਕ (ਇਕ ਕਤਾਰ) | 3.47 |
| ਯੁਗਮਿਤ ਕਤਾਰ ਬੈਂਗਣ + ਪਾਲਕ (ਦੋ ਕਤਾਰਾਂ) | 3.52 |
| ਯੁਗਮਿਤ ਕਤਾਰ ਬੈਂਗਣ + ਪਾਲਕ (ਤਿੰਨ ਕਤਾਰਾਂ) | 3.14 |
| ਯੁਗਮਿਤ ਕਤਾਰ ਬੈਂਗਣ + ਪਾਲਕ (ਚਾਰ ਕਤਾਰਾਂ) | 2.97 |



# ਚੰਗੀ ਸਿਹਤ ਦੀ ਖੁਰਾਕ ਗਾਜਰ

**ਗਾਜਰ, ਸੰਸਾਰ ਵਿੱਚ ਸਭ ਤੋਂ ਜ਼ਿਆਦਾ ਵਰਤੀਆਂ ਜਾਣ ਵਾਲੀਆਂ ਸਬਜ਼ੀਆਂ ਵਿੱਚੋਂ ਇੱਕ ਹੈ, ਕਿਉਂ ਜੋ ਬਾਕੀ ਸਬਜ਼ੀਆਂ ਦੇ ਮੁਕਾਬਲੇ ਇਹ ਆਸਾਨੀ ਨਾਲ ਬੀਜੀ ਜਾਂਦੀ ਹੈ। ਗਾਜਰ ਦੀ ਖੇਤੀ ਭਾਰਤ ਦੀ ਆਰਥਿਕਤਾ ਵਿੱਚ ਮੁੱਖ ਹਿੱਸਾ ਪਾਉਂਦੀ ਹੈ, ਕਿਉਂਕਿ ਇਹ ਭਾਰਤ ਦੀਆਂ ਪ੍ਰਮੁੱਖ ਸਬਜ਼ੀਆਂ ਵਿੱਚੋਂ ਇੱਕ ਹੈ। ਭਾਰਤ ਵਿੱਚ ਗਾਜਰ ਕਈ ਸੱਭਿਆਚਾਰਕ ਪਕਵਾਨਾਂ ਵਿੱਚ ਵੀ ਪ੍ਰਭਾਵੀ ਮੰਨੀ ਜਾਂਦੀ ਹੈ। ਗਾਜਰ ਡੂੰਘੀ ਅਤੇ ਪੋਲੀ ਮਿੱਟੀ ਵਿੱਚ ਆਸਾਨੀ ਨਾਲ ਪੈਦਾ ਕੀਤੀ ਜਾ ਸਕਦੀ ਹੈ। ਗਾਜਰ ਨੂੰ ਬੀਜਣਾ ਇਸ ਦੇ ਪੌਸ਼ਟਿਕ ਗੁਣਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ। ਗਾਜਰ ਵਿੱਚ ਸਿਹਤ ਅਤੇ ਕਈ ਰੋਗਾਂ ਦੇ ਇਲਾਜ ਸਬੰਧੀ ਗੁਣ ਪਾਏ ਜਾਂਦੇ ਹਨ। ਗਾਜਰ ਵਿੱਚ ਕੈਰੋਟੀਨ ਭਰਪੂਰ ਮਾਤਰਾ ਵਿੱਚ ਪਾਈ ਜਾਂਦੀ ਹੈ। ਇਸ ਤੋਂ ਇਲਾਵਾ ਗਾਜਰ ਵਿੱਚ ਪ੍ਰੋਟੀਨ, ਵਿਟਾਮਿਨ-ਏ, ਸੀ ਅਤੇ ਕੇ, ਪੋਟਾਸ਼ੀਅਮ, ਲੋਹਾ, ਤਾਂਬਾ ਆਦਿ ਤੱਤ ਵੀ ਪਾਏ ਜਾਂਦੇ ਹਨ।**

ਮਨਦੀਪ ਸ਼ਰਮਾ,
ਕ੍ਰਿਸ਼ੀ ਵਿਗਿਆਨ ਕੇਂਦਰ,
ਬਾਹੋਵਾਲ (ਹੁਸ਼ਿਆਰਪੁਰ)

### ਗਾਜਰ ਦੇ ਸਿਹਤ ਸਬੰਧੀ ਗੁਣ

- **ਅੱਖਾਂ ਦੀ ਰੋਸ਼ਨੀ ਵਧਾਉਣ ਵਿੱਚ ਲਾਹੇਵੰਦ** : ਕੈਰੋਟੀਨ ਨਾਮਕ ਤੱਤ ਗਾਜਰਾਂ ਵਿੱਚ ਬਹੁਤ ਜ਼ਿਆਦਾ ਮਾਤਰਾ ਵਿੱਚ ਹੁੰਦਾ ਹੈ। ਇਹ ਸਰੀਰ ਵਿੱਚ ਜਾ ਕੇ ਵਿਟਾਮਿਨ-ਏ ਦਾ ਕੰਮ ਕਰਦਾ ਹੈ ਅਤੇ ਵਿਟਾਮਿਨ ਏ ਅੱਖਾਂ ਦੀ ਰੋਸ਼ਨੀ ਨੂੰ ਵਧਾਉਣ ਅਤੇ ਕਾਇਮ ਰੱਖਣ ਵਿੱਚ ਸਹਾਈ ਹੁੰਦਾ ਹੈ। ਰਾਤ ਦਾ ਅੰਧਰਾਤਾ ਨਾਮਕ ਬਿਮਾਰੀ, ਜੋ ਉਮਰ ਦੇ ਨਾਲ-ਨਾਲ ਹੋ ਜਾਂਦੀ ਹੈ, ਉਸ ਦੀ ਰੋਕਥਾਮ ਲਈ ਵੀ ਸਹਾਈ ਹੈ।

- **ਚਮੜੀ ਲਈ ਉਪਯੋਗੀ** : ਅੱਖਾਂ ਦੀ ਤੰਦਰੁਸਤੀ ਦੇ ਨਾਲ-ਨਾਲ ਗਾਜਰਾਂ ਵਿੱਚ ਮੌਜੂਦ ਵਿਟਾਮਿਨ-ਏ ਚਮੜੀ ਨੂੰ ਵੀ ਨਿਰੋਗ ਰੱਖਦਾ ਹੈ। ਇਹ ਚਮੜੀ ਨੂੰ ਪ੍ਰਾ-ਬੈਂਗਣੀ ਕਿਰਨਾਂ ਦੇ ਪ੍ਰਭਾਵ ਤੋਂ ਬਚਾਉਂਦਾ ਹੈ, ਇਸ ਤੋਂ ਬਿਨ੍ਹਾਂ ਦਾਗ ਧੱਬੇ, ਖੁਸ਼ਕ ਚਮੜੀ ਅਤੇ ਫੋੜੇ-ਫਿੰਸੀਆਂ ਤੋਂ ਵੀ ਬਚਾਅ ਰੱਖਦਾ ਹੈ।

- **ਦਿਲ ਦੀਆਂ ਬਿਮਾਰੀਆਂ ਤੋਂ ਬਚਾਅ** : ਗਾਜਰਾਂ ਵਿੱਚ ਊਰਜਾ ਦੀ ਮਾਤਰਾ ਘੱਟ ਹੋਣ ਕਰਕੇ, ਇਹ ਦਿਲ ਦੀ ਬਿਮਾਰੀ ਤੋਂ ਸ਼ਿਕਾਰ ਰੋਗੀਆਂ ਲਈ ਬਹੁਤ ਚੰਗੀ ਸਬਜ਼ੀ ਹੈ। ਕਿਉਂ ਜੋ ਇਨ੍ਹਾਂ ਰੋਗੀਆਂ ਲਈ ਘੱਟ ਊਰਜਾ ਵਾਲੇ ਭੋਜਨ ਫਾਇਦੇਮੰਦ ਹੁੰਦੇ ਹਨ। ਜੇਕਰ ਤਿੰਨ ਹਫਤੇ ਲਗਾਤਾਰ ਲਗਭਗ 200 ਗ੍ਰਾਮ ਕੱਚੀਆਂ ਗਾਜਰਾਂ ਖਾਧੀਆਂ ਜਾਣ ਤਾਂ 11 ਪ੍ਰਤੀਸ਼ਤ ਤੱਕ ਕਲੈਸਟ੍ਰੋਲ ਦਾ ਪੱਧਰ ਘੱਟ ਜਾਂਦਾ ਹੈ।

- **ਖੂਨ ਦਾ ਦਬਾਅ ਸਹੀ ਰੱਖਣ ਵਿੱਚ ਸਹਾਈ** : ਗਾਜਰਾਂ ਪੋਟਾਸ਼ੀਅਮ ਦਾ ਇੱਕ ਚੰਗਾ ਸਰੋਤ ਹਨ। ਪੋਟਾਸ਼ੀਅਮ ਸਰੀਰ ਵਿਚਲੀਆਂ ਲਹੂ ਦੀਆਂ ਅੰਤੜੀਆਂ ਨੂੰ ਤਨਾਅ ਮੁਕਤ ਰੱਖਣ ਵਿੱਚ ਸਹਾਈ ਹੁੰਦੀ ਹੈ। ਜਿਸ ਨਾਲ ਲਹੂ ਦਾ ਦਬਾਅ ਸਹੀ ਬਣਿਆ ਰਹਿੰਦਾ ਹੈ।

- **ਮਸੂੜਿਆਂ ਲਈ ਲਾਹੇਵੰਦ** :- ਵਿਟਾਮਿਨ-ਏ ਦੇ ਨਾਲ-ਨਾਲ ਗਾਜਰਾਂ ਵਿੱਚ ਵਿਟਾਮਿਨ-ਸੀ ਵੀ ਬਹੁਤ ਮਾਤਰਾ ਵਿੱਚ ਪਾਇਆ ਜਾਂਦਾ ਹੈ, ਜੋ ਕਿ ਮਸੂੜਿਆਂ ਨੂੰ ਮਜ਼ਬੂਤ ਰੱਖਣ ਵਿੱਚ ਸਹਾਇਤਾ ਕਰਦਾ ਹੈ।

- **ਪਾਚਨ ਸ਼ਕਤੀ ਵਧਾਉਣ ਵਿੱਚ ਸਹਾਈ** : ਗਾਜਰਾਂ ਵਿੱਚ ਰੇਸ਼ੇ ਦੀ ਮਾਤਰਾ ਜ਼ਿਆਦਾ ਹੋਣ ਕਰਕੇ, ਇਹ ਪਾਚਨ ਸ਼ਕਤੀ ਵਧਾਉਂਦੀਆਂ ਹਨ ਅਤੇ ਕਬਜ਼ ਹੋਣ ਤੋਂ ਬਚਾਉਂਦੀਆਂ ਹਨ। ਖਾਸ ਕਰਕੇ ਜਦੋਂ ਇਹ ਸਲਾਦ ਦੇ ਰੂਪ ਵਿੱਚ ਖਾਧੀਆਂ ਜਾਣ ਤਾਂ ਇਸ ਕੰਮ ਲਈ ਬਹੁਤ ਫਾਇਦੇਮੰਦ ਹਨ। ਗਾਜਰਾਂ ਵਿੱਚ ਮੌਜੂਦ ਰੇਸ਼ਾ ਫਾਲਤੂ ਕਲੈਸਟ੍ਰੋਲ ਨੂੰ ਵੀ ਲਹੂ ਦੀਆਂ ਅੰਤੜੀਆਂ ਵਿੱਚੋਂ ਪਿਸ਼ਾਬ ਰਾਹੀਂ ਕੱਢ ਕੇ ਦਿਲ ਨੂੰ ਸਿਹਤਮੰਦ ਰੱਖਦਾ ਹੈ।

- **ਕੈਂਸਰ ਤੋਂ ਬਚਾਅ** : ਗਾਜਰਾਂ ਦੀ ਖਪਤ ਕਈ ਤਰ੍ਹਾਂ ਦੇ ਕੈਂਸਰ ਦੇ ਖਤਰੇ ਨੂੰ ਘਟਾਉਂਦੀ ਹੈ। ਜੇਕਰ ਦਿਨ ਵਿੱਚ ਕੈਰੋਟੀਨ ਦੀ ਖਪਤ 1.7 ਤੋਂ 2.7 ਮਿਲੀਗ੍ਰਾਮ ਕਰ ਦਿੱਤੀ ਜਾਵੇ ਤਾਂ ਇਹ 40 ਪ੍ਰਤੀਸ਼ਤ ਤੱਕ ਫੇਫੜਿਆਂ ਦੇ ਕੈਂਸਰ ਦੇ ਖਤਰੇ ਨੂੰ ਘਟਾਉਂਦੀ ਹੈ। ਇੱਕ ਗਾਜਰ ਵਿੱਚ ਔਸਤਨ 3 ਮਿਲੀਗ੍ਰਾਮ ਕੈਰੋਟੀਨ ਹੁੰਦੀ ਹੈ। ਗਾਜਰਾਂ ਵਿੱਚ ਰੇਸ਼ੇ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਇਹ ਕਲੋਨ ਕੈਂਸਰ ਦੇ ਖਤਰੇ ਨੂੰ ਵੀ 24 ਪ੍ਰਤੀਸ਼ਤ ਤੱਕ ਘਟਾਉਂਦੀ ਹੈ। ਜਿਹੜੀਆਂ ਔਰਤਾਂ ਆਮ ਗਾਜਰਾਂ ਦਾ ਸੇਵਨ ਕਰਦੀਆਂ ਹਨ, ਉਨ੍ਹਾਂ ਵਿੱਚ 5 ਤੋਂ 8 ਪ੍ਰਤੀਸ਼ਤ ਤੱਕ ਛਾਤੀਆਂ ਦੇ ਕੈਂਸਰ ਦਾ ਖਤਰਾ ਉਨ੍ਹਾਂ ਔਰਤਾਂ ਨਾਲੋਂ ਘੱਟ ਜਾਂਦਾ ਹੈ, ਜੋ ਬਿਲਕੁਲ ਵੀ ਗਾਜਰਾਂ ਦਾ ਸੇਵਨ ਨਹੀਂ ਕਰਦੀਆਂ।

- **ਸ਼ੱਕਰ ਰੋਗ ਤੋਂ ਬਚਾਅ** : ਗਾਜਰਾਂ ਵਿੱਚ ਊਰਜਾ ਦੀ ਮਾਤਰਾ ਘੱਟ ਅਤੇ ਕੈਰੋਟੀਨ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਇਹ ਸ਼ੱਕਰ ਰੋਗ ਨਾਲ ਪੀੜਿਤ ਰੋਗੀਆਂ ਲਈ ਲਾਹੇਵੰਦ ਹੈ।

- **ਹੱਡੀਆਂ ਨੂੰ ਮਜ਼ਬੂਤ ਬਣਾਉਣ ਵਿੱਚ ਸਹਾਈ** : ਗਾਜਰਾਂ ਵਿੱਚ ਖਣਿਜ ਪਦਾਰਥ ਜਿਵੇਂ ਕੈਲਸ਼ੀਅਮ ਅਤੇ ਫਾਸਫੋਰਸ ਬਹੁਤ ਮਾਤਰਾ ਵਿੱਚ ਹੁੰਦੇ ਹਨ, ਜਿਹੜੇ ਕਿ ਹੱਡੀਆਂ ਮਜ਼ਬੂਤ ਰੱਖਣ ਵਿੱਚ ਮੱਦਦ ਕਰਦੇ ਹਨ।

- ਉੱਪਰ ਦਿੱਤੇ ਇਨ੍ਹਾਂ ਗੁਣਾਂ ਤੋਂ ਇਲਾਵਾ ਗਾਜਰਾਂ ਸਰੀਰ ਵਿੱਚੋਂ ਯੂਰਿਕ ਏਸਿਡ (ਤੇਜ਼ਾਬ) ਨੂੰ ਪਿਸ਼ਾਬ ਰਾਹੀਂ ਬਾਹਰ ਕੱਢਣ ਵਿੱਚ ਵੀ ਮੱਦਦ ਕਰਦੀਆਂ ਹਨ। ਸਰੀਰ ਵਿੱਚ ਯੂਰਿਕ ਤੇਜ਼ਾਬ ਦੀ ਬਹੁਤੀ ਮਾਤਰਾ ਹੋਣ ਕਾਰਨ ਜੋੜਾਂ ਦਾ ਦਰਦ ਹੋਣ ਲੱਗ ਜਾਂਦਾ ਹੈ, ਸੋ ਗਾਜਰਾਂ ਜੋੜਾਂ ਦੇ ਦਰਦ ਤੋਂ ਰਾਹਤ ਦਿੰਦੀਆਂ ਹਨ। ਉਬਲੀਆਂ ਗਾਜਰਾਂ ਨੂੰ ਫੇਹ ਕੇ ਇਸ ਦਾ ਪੇਸਟ ਜ਼ਖਮਾਂ 'ਤੇ ਹੋਣ ਵਾਲੀ ਲਾਗ ਦੀ ਰੋਕਥਾਮ ਲਈ ਲਾਹੇਵੰਦ ਹੁੰਦਾ ਹੈ। ਗਾਜਰਾਂ ਸਰੀਰ ਵਿਚਲੀਆਂ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਨੂੰ ਵਧਾਉਣ ਵਿੱਚ ਮੱਦਦ ਕਰਦੀਆਂ ਹਨ।

ਗਾਜਰਾਂ ਸਿਹਤ ਅਤੇ ਇਲਾਜ ਸਬੰਧੀ ਗੁਣਾਂ ਨਾਲ ਭਰਪੂਰ ਹਨ। ਇਹ ਜ਼ਿਆਦਾਤਰ ਅਗਸਤ-ਨਵੰਬਰ ਦੇ ਮਹੀਨੇ ਮਿਲਦੀਆਂ ਹਨ। ਪਰ ਇਨ੍ਹਾਂ ਦੀ ਮੁੱਲ ਵਰਧਕਤਾ (Value addition) ਕਰਕੇ ਇਨ੍ਹਾਂ ਨੂੰ ਸਾਰਾ ਸਾਲ ਅਲੱਗ-ਅਲੱਗ ਪਦਾਰਥਾਂ ਦੇ ਰੂਪ ਵਿੱਚ ਉਪਲੱਬਧ ਕਰਵਾਇਆ ਜਾ ਸਕਦਾ ਹੈ। ਮੁੱਲ ਵਰਤਕਤਾ ਦੁਆਰਾ ਕਿਸਾਨ ਵੀ ਜ਼ਿਆਦਾ ਕਮਾਈ ਕਰ ਸਕਦਾ ਹੈ, ਕਿਉਂ ਜੋ ਇਹ ਆਸਾਨ ਅਤੇ ਸਸਤਾ ਤਰੀਕਾ ਹੈ।

ਹੇਠਾਂ ਘਰੇਲੂ ਪੱਧਰ 'ਤੇ ਗਾਜਰਾਂ ਤੋਂ ਬਣਨ ਵਾਲੇ ਭੋਜਨ ਪਦਾਰਥਾਂ ਦੀਆਂ ਕੁੱਝ ਵਿਧੀਆਂ ਦਿੱਤੀਆਂ ਗਈਆਂ ਹਨ :

### ਗਾਜਰਾਂ ਦਾ ਮੁਰੱਬਾ

**ਸਮਾਨ :**

| | |
|---|---|
| ਗਾਜਰਾਂ | - 250 ਗ੍ਰਾ. (3-4) |
| ਖੰਡ | - 250 ਗ੍ਰਾ. |
| ਪਾਣੀ | - 250 ਮਿ.ਲੀ. |
| ਨਿੰਬੂ ਦਾ ਸਤ | - 5 ਗ੍ਰਾ. |
| ਪੋਟਾਸ਼ੀਅਮ ਮੈਟਾਬਾਈਸਲਫਾਈਡ | - ਇੱਕ ਚੁਟਕੀ |

**ਤਰੀਕਾ** : ਗਾਜਰਾਂ ਨੂੰ ਚੰਗੀ ਤਰ੍ਹਾਂ ਛਿੱਲ ਕੇ ਧੋ ਲਵੋ ਅਤੇ ਉੱਪਰਲਾ ਅਤੇ ਹੇਠਲਾ ਹਿੱਸਾ ਥੋੜ੍ਹਾ ਜਿਹਾ ਲਾਹ ਦਿਓ।

- ਇਨ੍ਹਾਂ ਨੂੰ ਲੰਬੀਆਂ-ਲੰਬੀਆਂ ਕੱਟ ਲਓ।
- ਗਾਜਰਾਂ ਨੂੰ 200 ਮਿਲੀਲੀਟਰ ਪਾਣੀ ਵਿੱਚ ਪਾ ਕੇ 5 ਮਿੰਟ ਲਈ ਉਬਾਲੋ।
- ਕਾਂਟੇ ਨਾਲ ਚੰਗੀ ਤਰ੍ਹਾਂ ਚੋਭ ਲਵੋ।
- ਫਿਰ ਪਾਣੀ ਅਤੇ ਖੰਡ ਦੀ ਚਾਸ਼ਨੀ ਬਣਾਓ। ਜਿਸ ਪਾਣੀ ਵਿੱਚ ਗਾਜਰਾਂ ਉਬਾਲੀਆਂ ਸਨ, ਉਸੇ ਪਾਣੀ ਨੂੰ ਚਾਸ਼ਨੀ ਲਈ ਵਰਤੋਂ।
- ਗਾਜਰਾਂ ਅਤੇ ਨਿੰਬੂ ਦਾ ਸਤ ਚਾਸ਼ਨੀ ਵਿੱਚ ਪਾ ਕੇ 10 ਮਿੰਟ ਲਈ ਪਕਾਓ ਅਤੇ ਫਿਰ ਪੋਟਾਸ਼ੀਅਮ ਮੈਟਾਬਾਈਸਲਫਾਈਡ ਪਾ ਦਿਓ।
- ਠੰਢਾ ਹੋਣ ਤੋਂ ਬਾਅਦ ਸਾਫ ਜ਼ਾਰ ਵਿੱਚ ਪਾ ਦਿਓ।

### ਗਾਜਰਾਂ ਦਾ ਅਚਾਰ

**ਸਮਾਨ :**

| | |
|---|---|
| ਗਾਜਰਾਂ | - 500 ਗ੍ਰਾ. |
| ਪਿਆਜ਼ | - 100 ਗ੍ਰਾ. |
| ਲੱਸਣ | - 4 ਤੁਰੀਆਂ |
| ਅਦਰਕ | - 1 ਵੱਡਾ ਟੁੱਕੜਾ |
| ਸਰ੍ਹੋਂ ਦਾ ਤੇਲ | - ਤਿੰਨ ਚੱਮਚ |
| ਸਿਰਕਾ | - 100 ਮਿ.ਲੀ. |
| ਲੂਣ | - ਤਿੰਨ ਵੱਡੇ ਚੱਮਚ |
| ਗੁੜ | - 150 ਗ੍ਰਾ. |
| ਮੇਥੇ | - 5 ਗ੍ਰਾ. |
| ਗਰਮ ਮਸਾਲਾ | - 2 ਚੱਮਚ |
| ਲਾਲ ਮਿਰਚ | - 2 ਚੱਮਚ |

**ਤਰੀਕਾ** : ਗਾਜਰਾਂ ਨੂੰ ਛਿੱਲ ਕੇ ਧੋ ਲਵੋ। ਇਸ ਦਾ ਉੱਪਰਲਾ ਅਤੇ ਹੇਠਲਾ ਹਿੱਸਾ ਲਾਹ ਦਿਓ।

- ਗਾਜਰਾਂ ਨੂੰ ਲੰਬੀਆਂ-ਲੰਬੀਆਂ ਕੱਟ ਲਓ।
- ਇਨ੍ਹਾਂ ਨੂੰ 10 ਮਿੰਟ ਪਾਣੀ ਵਿੱਚ ਉਬਾਲੋ ਅਤੇ ਫਿਰ ਮਲਮਲ ਦੇ ਕੱਪੜੇ ਤੇ ਪਾ ਕੇ ਇੱਕ ਘੰਟੇ ਲਈ ਸੁਕਾਓ।
- ਕੱਟੇ ਹੋਏ ਪਿਆਜ਼, ਲੱਸਣ ਅਤੇ ਅਦਰਕ ਨੂੰ ਸਰ੍ਹੋਂ ਦੇ ਤੇਲ ਵਿੱਚ 5 ਮਿੰਟ ਲਈ ਭੁੰਨੋ।
- ਮੇਥੇ ਤੋਂ ਬਿਨ੍ਹਾਂ ਬਾਕੀ ਸਾਰੇ ਮਸਾਲੇ ਪਾ ਦਿਓ।
- ਗਾਜਰਾਂ ਪਾ ਕੇ 2 ਮਿੰਟ ਲਈ ਪਕਾਓ।
- ਮੇਥੇ ਭੁੰਨ ਕੇ ਅਤੇ ਕੁੱਟ ਕੇ ਇਸ ਵਿੱਚ ਚੰਗੀ ਤਰ੍ਹਾਂ ਰਲਾ ਦਿਓ।
- ਸਾਫ ਕੀਤੇ ਮਰਤਬਾਨ ਵਿੱਚ ਪਾ ਦਿਓ।
- 4-5 ਦਿਨਾਂ ਲਈ ਧੁੱਪ ਵਿੱਚ ਰੱਖੋ।
- ਸਿਰਕੇ ਅਤੇ ਗੁੜ ਨੂੰ ਮਿਲਾ ਕੇ ਇਸ ਵਿੱਚ ਪਾ ਦਿਓ।

### ਗਾਜਰਾਂ ਦੀ ਚਟਨੀ

**ਸਮਾਨ :**

| | |
|---|---|
| ਗਾਜਰਾਂ | - 500 ਗ੍ਰਾ. |
| ਪਿਆਜ਼ | - 100 ਗ੍ਰਾ. |
| ਖੰਡ | - 500 ਗ੍ਰਾ. |
| ਅਦਰਕ | - 15 ਗ੍ਰਾ. |
| ਲੱਸਣ | - 10 ਗ੍ਰਾ. |
| ਸਿਰਕਾ | - 50 ਮਿ.ਲੀ. |
| ਦਾਲ ਚੀਨੀ | - 2 ਟੁੱਕੜੇ |
| ਛੋਟੀ ਇਲਾਇਚੀ | - ਦੋ |
| ਲੂਣ | - 5 ਗ੍ਰਾ. |
| ਗਰਮ ਮਸਾਲਾ | - 5 ਗ੍ਰਾ. |
| ਮਿਰਚ | - 1/2 ਚੱਮਚ |
| ਪੋਟਾਸ਼ੀਅਮ ਮੈਟਾਬਾਈਸਲਫਾਈਡ | - 1 ਚੁਟਕੀ |

**ਤਰੀਕਾ** : ਗਾਜਰਾਂ, ਪਿਆਜ਼, ਅਦਰਕ ਅਤੇ ਲੱਸਣ ਨੂੰ ਚੰਗੀ ਤਰ੍ਹਾਂ ਧੋ ਕੇ ਛਿੱਲ ਲਵੋ।

- ਗਾਜਰਾਂ ਅਤੇ ਪਿਆਜ਼ ਨੂੰ ਕੱਦੂਕਸ ਕਰ ਲਵੋ। ਅਦਰਕ ਅਤੇ ਲੱਸਣ ਨੂੰ ਕੱਟ ਕੇ ਇਸ ਦਾ ਜੂਸ ਕੱਢ ਲਵੋ।
- ਸਿਰਕੇ ਤੋਂ ਬਿਨ੍ਹਾਂ ਬਾਕੀ ਸਾਰੀਆਂ ਚੀਜ਼ਾਂ ਨੂੰ ਮਿਲਾ ਕੇ ਗਾੜ੍ਹਾ ਹੋਣ ਤੱਕ ਪਕਾਓ।
- ਫਿਰ ਸਿਰਕਾ ਪਾ ਕੇ 5-10 ਮਿੰਟ ਲਈ ਪਕਾਓ ਅਤੇ ਫਿਰ ਪੋਟਾਸ਼ੀਅਮ ਮੈਟਾਬਾਈਸਲਫਾਈਡ ਪਾ ਦਿਓ।
- ਪਲੇਟ ਟੈਸਟ ਸਹੀ ਆਉਣ ਤੱਕ ਪਕਾਓ।
- ਠੰਢਾ ਹੋਣ ਤੇ ਜ਼ਾਰ ਵਿੱਚ ਪਾ ਦਿਓ ਅਤੇ ਢੱਕਣ ਚੰਗੀ ਤਰ੍ਹਾਂ ਲਕਾ ਗੇ ਰੱਖ ਦਿਓ।

### ਗਾਜਰਾਂ ਦਾ ਸੁਕੈਸ਼

**ਸਮਾਨ :**

| | |
|---|---|
| ਗਾਜਰਾਂ | - 300 ਗ੍ਰਾ. |
| ਜਾਂ ਗਾਜਰਾਂ ਦਾ ਜੂਸ | - 110 ਗ੍ਰਾ. |
| ਖੰਡ | - 200 ਗ੍ਰਾ. |
| ਪਾਣੀ | - 100 ਮਿ.ਲੀ. |
| ਨਿੰਬੂ ਦਾ ਸਤ | - 3 ਗ੍ਰਾ. |
| ਪੋਟਾਸ਼ੀਅਮ ਮੈਟਾਬਾਈਸਲਫਾਈਡ | - 1 ਚੁਟਕੀ |

**ਤਰੀਕਾ** : ਗਾਜਰਾਂ ਨੂੰ ਛਿੱਲ ਕੇ ਧੋ ਲਵੋ।

- ਗਾਜਰਾਂ ਨੂੰ ਕੱਦੂਕਸ ਕਰਕੇ ਜੂਸ ਕੱਢਣ ਵਾਲੀ ਮਸ਼ੀਨ ਨਾਲ ਜੂਸ ਕੱਢ ਲਵੋ।
- ਖੰਡ, ਪਾਣੀ ਅਤੇ ਨਿੰਬੂ ਦਾ ਸਤ ਪਾ ਕੇ ਚਾਸ਼ਨੀ ਬਣਾਓ ਅਤੇ ਮਲਮਲ ਦੇ ਕੱਪੜੇ ਰਾਹੀਂ ਪੁਣ ਲਵੋ।
- ਠੰਡੇ ਹੋਣ ਤੋਂ ਬਾਅਦ ਇਸ ਵਿੱਚ ਜੂਸ ਮਿਲਾ ਦਿਓ ਅਤੇ ਥੋੜ੍ਹੇ ਜਿਹੇ ਜੂਸ ਵਿੱਚ ਪੋਟਾਸ਼ੀਅਮ ਮੈਟਾਬਾਈਸਲਫਾਈਡ ਪਾ ਕੇ ਘੋਲ ਲਓ ਅਤੇ ਉਸ ਨੂੰ ਵੀ ਵਿੱਚ ਮਿਲਾ ਦਿਓ।
- ਜੇਕਰ ਚਾਹੋ ਤਾਂ ਜ਼ਰਾ ਜਿੰਨਾ ਲਾਲ ਰੰਗ ਘੋਲ ਕੇ ਵੀ ਪਾ ਸਕਦੇ ਹੋ।
- ਬੋਤਲਾਂ ਵਿੱਚ ਭਰ ਦਿਓ ਅਤੇ ਚੰਗੀ ਤਰ੍ਹਾਂ ਢੱਕਣ ਲਗਾ ਕੇ ਰੱਖ ਦਿਓ।

### ਗਾਜਰਾਂ ਦਾ ਜੈਮ

**ਸਮਾਨ :**

| | |
|---|---|
| ਗਾਜਰਾਂ | - 250 ਗ੍ਰਾ. |
| ਖੰਡ | - 200 ਗ੍ਰਾ. |
| ਪਾਣੀ | - 3/4 ਕੱਪ |
| ਨਿੰਬੂ ਦਾ ਸਤ | - 2 ਗ੍ਰਾ. |

**ਤਰੀਕਾ** : ਗਾਜਰਾਂ ਨੂੰ ਚੰਗੀ ਤਰ੍ਹਾਂ ਛਿੱਲ ਕੇ ਧੋ ਲਓ ਅਤੇ ਕੱਟ ਲਓ।

- ਪਾਣੀ ਵਿੱਚ ਗਾਜਰਾਂ ਨੂੰ 5 ਮਿੰਟ ਲਈ ਉਬਾਲ ਲਓ।
- ਗਾਜਰਾਂ ਵਿੱਚ ਖੰਡ ਅਤੇ ਨਿੰਬੂ ਦਾ ਸਤ ਪਾ ਕੇ ਪਕਾਓ।
- ਹੁਣ ਪਲੇਟ ਟੈਸਟ ਸਹੀ ਆਉਣ ਤੱਕ ਗਾਜਰਾਂ ਨੂੰ ਪਕਾਓ।
- ਜਦ ਤੱਕ ਜੈਮ ਤਿਆਰ ਹੋ ਜਾਵੇ ਤਾਂ ਸਾਫ ਬੋਤਲ ਵਿੱਚ ਪਾ ਦਿਓ।
- ਜਦੋਂ ਇਹ ਠੰਡਾ ਹੋ ਜਾਵੇ ਤਾਂ ਇਸ ਨੂੰ ਚੰਗੀ ਤਰ੍ਹਾਂ ਬੰਦ ਕਰ ਦਿਓ।

**ਨੋਟ** : ਥੋੜ੍ਹੀ ਜਿਹੀ ਮਾਤਰਾ ਵਿੱਚ ਪਦਾਰਥ (ਚਟਨੀ ਜਾਂ ਜੈਮ) ਨੂੰ ਪਲੇਟ ਉੱਤੇ ਪਾਓ। ਹੁਣ ਪਲੇਟ ਨੂੰ ਥੋੜ੍ਹਾ ਜਿਹਾ ਟੇਢਾ ਕਰੋ। ਜੇਕਰ ਪਾਣੀ ਪਦਾਰਥ ਤੋਂ ਅਲੱਗ ਨਿਕਲ ਰਿਹਾ ਹੈ ਤਾਂ ਇਸ ਨੂੰ ਹੋਰ ਪਕਾਉਣ ਦੀ ਲੋੜ ਹੈ।

# ਕਿਸਾਨ ਦੀ ਮੌਜੂਦਾ ਦਿਸ਼ਾ ਤੇ ਦਸ਼ਾ ਸਮੇਂ ਖੇਤੀ ਪ੍ਰਸਾਰਕ ਮੁਲਾਜ਼ਮ ਕਿੱਥੇ ਕੁ ਹੋ ਵਿਚਰਿਆ?



ਲੜੀ ਜੋੜਨ ਲਈ
ਪਿਛਲਾ ਅੰਕ ਪੜ੍ਹੋ ।

ਇਸ ਕਠਿਨ ਸਮੇਂ ਵਿਚ ਸਰਕਾਰ ਵੱਲੋਂ ਕਣਕ ਦੇ ਬੀਜ ਤੇ ਸਬਸਿਡੀ ਵੀ ਖਤਮ ਕਰ ਦਿੱਤੀ ਗਈ । ਜਿਸ ਕਰਕੇ ਖੇਤੀਬਾੜੀ ਯੂਨੀਵਰਸਿਟੀ ਤੇ ਵਿਭਾਗ ਦੇ ਫਾਰਮ ਦਾ ਬੀਜ ਕੇਵਲ ਇਕ ਸੌ ਰੁਪਏ ਦਾ ਫਰਕ ਸੀ । ਜਿਸ ਵਿਚ ਬਹੁਤੇ ਕਿਸਾਨਾਂ ਨੇ ਜ਼ਿਆਦਾ ਕਿਸਮਾਂ ਇਕੋ ਰੇਟ ਤੇ ਯੂਨੀਵਰਸਿਟੀ ਵਿਖੇ ਮਿਲਣ ਕਰਕੇ ਜ਼ਿਆਦਾ ਤਰਜੀਹ ਉਧਰ ਨੂੰ ਦਿੱਤੀ । ਬਹੁਤੇ ਤਾਂ ਸਾਨੂੰ ਇਹ ਵੀ ਕਹਿੰਦੇ ਨਜ਼ਰ ਆਏ ਕਿ ਜਿਹੜਾ ਬੀਜ ਤੁਹਾਡੇ ਕੋਲ ਆਇਆ ਹੈ ਬਿਨਾਂ ਸਬਸਿਡੀ ਦੇ ਉਹ ਮੇਰੇ ਕੋਲ ਪਹਿਲਾਂ ਹੀ ਘਰ ਪਿਆ ਹੈ, ਮੈ ਏਹੀ ਪਾ ਲੈਣਾ ਹੈ ਤੁਹਾਡੇ ਦੇਣ ਨੂੰ ਜ਼ਿਆਦਾ ਪੈਸੇ ਬੱਚੂ । ਹਾਲਾਂਕਿ ਇਹ ਗੱਲ ਦੱਸਣ ਵਾਲੀ ਨਹੀਂ ਸੀ ਪਰ ਉਸ ਦੇ ਮਿੱਠੇ ਰੋਸ ਕਰਨ ਦਾ ਤਰੀਕਾ ਹੋਰ ਸੀ ਕਿ ਤੁਹਾਡੇ ਦੇਣ ਵਾਲੇ ਬੀਜ ਮੇਰੇ ਕੋਲ ਹੈ, ਮੈਨੂੰ ਜ਼ਿਆਦਾ ਪੈਸੇ ਖਰਚ ਕੇ ਤੁਹਾਡੀ ਕਿਸਮ ਲੈਣ ਦੀ ਕੀ ਲੋੜ ਹੈ । ਉਹਨਾਂ ਨੂੰ ਦੁੱਖੀ ਹੋਇਆ ਹਾਲਾਤਾਂ ਵਿਚ ਵਿਚਰਦਿਆਂ ਪਿੰਡ ਵਿਚ ਗਰੁੱਪ ਫੋਟੋ ਲੈਣ ਵੱਲੋਂ ਕਹਿਣਾ ਵੀ ਕਿ ਉੱਚ ਅਧਿਕਾਰੀਆਂ ਨੂੰ ਭੇਜੀ ਜਾਣੀ ਹੈ ਤੇ ਆਪਣੀ ਕੰਪੇਨ ਪ੍ਰਦੂਸ਼ਣ ਬਾਰੇ ਵੀ ਗੱਲ ਜਾਰੀ ਰੱਖਣੀ ਉਸ ਸਮੇਂ ਕਹਿਣੀ ਸਮਝ ਤੋਂ ਪਰ੍ਹੇ ਹੋ ਗਈ ਸੀ । ਕਿ ਕੀ ਕਰਾਂ ਤੇ ਕੀ ਨਾ ਕਰਾਂ ਕਿ ਆਪਣੇ ਆਪ ਨੂੰ ਬਚਾਵਾਂ ?

ਇਲੈਕਸ਼ਨ ਸਮੇਂ ਵਿਚ ਅਜੇ ਲੰਘੀ ਪਹਿਲੀ ਨੋਡਲ ਡਿਊਟੀ ਬਾਰੇ ਜੋ ਸਮਾਜਿਕ ਤੌਰ ਤੇ ਲੋਕਾਂ ਵਿਚ ਵਿਚਰਦਿਆਂ ਬਹੁਤ ਸਾਰਿਆਂ ਵੱਲੋਂ ਕਿਹਾ ਸੁਣਿਆ ਜੋ ਕਿਆ ਕਿ ਏ ਨਹੀਂ ਸਮਝ ਆਉਂਦੀ ਕਿ ਜਦੋਂ ਇਲੈਕਸ਼ਨ ਕਮਿਸ਼ਨ ਕੋਲ ਸਪੈਸ਼ਲ ਸਟਾਫ ਨਹੀਂ, ਉਹ ਇਲੈਕਸ਼ਨ ਦੇ ਸਾਰੇ ਸਾਲ ਚੱਲਦੇ ਬੂਥ ਲੈਵਲ ਦੇ ਕੰਮਾਂ ਨੂੰ ਚਲਾਉਣ ਲਈ ਅਲੱਗ ਭਰਤੀ ਨਾ ਕਰਕੇ, ਬਾਕੀ ਸਾਰੇ ਮਹਿਕਮਿਆਂ ਦੇ ਮੁਲਾਜ਼ਮਾਂ ਨੂੰ ਇਸ ਕੰਮ ਲਈ ਲਗਾਉਂਦੇ ਹਨ । ਕੀ ਇਹ ਸਾਰੇ ਵਿਭਾਗਾਂ ਦੇ ਮੁਲਾਜ਼ਮਾਂ ਨੂੰ ਲਗਾ ਕੇ ਇਲੈਕਸ਼ਨ ਆਉਣ ਦਾ ਪ੍ਰਚਾਰ ਮੁਲਾਜ਼ਮਾਂ ਦੁਆਰਾ ਕਰਦੇ ਹਨ ਜਾਂ ਸੋਸ਼ਣ ਦਾ ਜ਼ਰੀਆ ਹੈ । ਜੋ ਇਸ ਕੰਮ ਲਈ ਭਰਤੀ ਹੀ ਨਹੀਂ ਹੋਏ । ਉਹਨਾਂ ਨੂੰ ਬੀ ਐਲ ਓ ਲਗਾ ਕੇ ਉਸ ਦੇ ਆਪਣੇ ਵਿਭਾਗੀ ਕੰਮ ਪ੍ਰਭਾਵਿਤ ਕਰਵਾ ਕੇ ਉਲਟਾ ਬੂਥ ਮਤਲਬ ਪਿੰਡਾਂ ਦੇ ਇਲੈਕਸ਼ਨ ਦੇ ਕੰਮ ਕਰਵਾਏ ਜਾਣ ਉਹ ਵੀ ਸਮਝ ਤੋਂ ਬਾਹਰ ਸਨ ।

ਏਸੇ ਤਰ੍ਹਾਂ ਦੂਜੀ ਨੋਡਲ ਡਿਊਟੀ ਦੀ ਮਿਸਾਲ ਮਿੱਟੀ ਤੇ ਪਰਾਲੀ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਨੂੰ ਰੋਕਣ ਤੇ ਦੰਡ ਦੇਣ ਲਈ ਬਣਿਆ ਪ੍ਰਦੂਸ਼ਣ ਕੰਟਰੋਲ ਬੋਰਡ ਜੋ ਆਪਣੇ ਕੰਮ ਹੋਰਨਾਂ ਵਿਭਾਗਾਂ ਤੋਂ ਲੈ ਰਿਹਾ ਹੈ । ਹਾਲਾਂਕਿ ਸਾਰੇ ਵਿਭਾਗਾਂ ਦੇ ਮੁਲਾਜ਼ਮ ਅਜਿਹੀ ਡਿਊਟੀ ਤੋਂ ਔਖੇ ਜ਼ਰੂਰ ਸਨ, ਪਰ ਫਸਿਆ ਮਹਿਸੂਸ ਕਰਦੇ ਵੀ ਉੱਚ ਅਧਿਕਾਰੀਆਂ ਨੂੰ ਕਹਿ ਨਹੀਂ ਸਕਦੇ ਸਨ, ਪਰ ਆਪਸ ਵਿਚ ਦੁਖੀ ਹੋਣ ਦਾ ਕਿਸਾਨਾਂ ਨਾਲ ਲੜਾਈ ਤੋਂ ਡਰਨ ਦਾ ਅਲਾਪ ਰਾਗਦੇ ਨਜ਼ਰ ਆਏ । ਏਸ ਬੋਰਡ ਵਿਚ ਵੀ ਜਿਸ ਖੁਦ ਕੋਲ ਇਲੈਕਸ਼ਨ ਕਮਿਸ਼ਨ ਵਾਂਗ ਬਕਾਇਦਾ ਅਲੱਗ ਏਸੇ ਕੰਮ ਲੈਣ ਲਈ ਹੀ ਸਟਾਫ ਨਹੀਂ । ਬੱਸ ਕੋਰਟਾਂ ਦੀ ਝਾੜ ਤੇ ਆਪਣੇ ਵਿਭਾਗ ਦਾ ਕੰਮ ਲੈਣ ਲਈ ਸੀਜ਼ਨ ਸਾਰੇ ਹੋਰ ਵਿਭਾਗਾਂ ਨੂੰ ਉਹਨਾਂ ਦੇ ਹੀ ਵਿਭਾਗ ਵੱਲੋਂ ਕੀਤੇ ਜਾਂਦੇ ਕੰਮਾਂ ਵਾਲੇ ਪਿੰਡਾਂ ਵਿਚ ਜਿੱਥੇ ਉਸ ਮੁਲਾਜ਼ਮਾਂ ਦੇ ਪਿੰਡ ਦੇ ਕਿਸਾਨਾਂ ਨਾਲ ਆਪਣੇ ਬੋਲਬਾਲ ਤੇ ਚੰਗੇ ਕਿਰਦਾਰ ਤੇ ਵਤੀਰੇ ਡਿਊਟੀ ਦੌਰਾਨ ਰਹਿਣ ਦੌਰਾਨ ਚੰਗੇ ਸੰਬੰਧ ਬਣਾਏ ਹੁੰਦੇ ਹਨ । ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਉਹਨਾਂ ਨੂੰ ਹੀ ਉਹਨਾਂ ਪਿੰਡਾਂ ਵਿਚ ਅੱਗ ਲਗਾਉਂਦੇ ਕਿਸਾਨ ਦਾ ਚਲਾਨ, ਪਰਚਾ ਦਰਜ ਕਰਨ ਤੱਕ ਪ੍ਰਸ਼ਾਸਨ ਦੁਆਰਾ ਦਬਾਅ ਨਾਲ ਉਸ ਮੁਲਾਜ਼ਮ ਨੂੰ ਆਪਣੇ ਹੱਥੀਂ ਚੰਗੇ ਬਣਾਏ ਸੰਬੰਧ ਨੂੰ ਆਪ ਖੂਹ ਵਿਚ ਸੁੱਟਣ ਲਈ ਕਿਹਾ ਜਾਂਦਾ ਹੈ । ਅਜਿਹੀਆਂ ਸਖਤਾਈਆਂ ਕਰਕੇ ਉਸ ਮੁਲਾਜ਼ਮ ਦਾ ਮੁੜ ਉਸ ਪਿੰਡ ਵਿਚ ਆਪਣੇ ਮਾਣ ਸਤਿਕਾਰ ਨੂੰ ਦੁਬਾਰਾ ਪਹਿਲੇ ਦੀ ਹੀ ਤਰ੍ਹਾਂ ਬਹਾਲ ਕਰਨਾ ਵੱਡਾ ਚੈਲੰਜ ਬਣ ਜਾਂਦਾ । ਏਥੋਂ ਤੱਕ ਕਿ ਮੋਟਾ ਜਿਹਾ ਕਹਿ ਲਵੋ ਕਿ ਜੇਕਰ ਜ਼ਿਆਦਾ ਕੀਤੀ ਸਖਤਾਈ ਵੀ ਨੋਡਲ ਡਿਊਟੀ ਦੌਰਾਨ ਤੇ ਬਾਅਦ ਵਿਚ ਵੀ ਫੇਰ ਲੁੱਕਣ ਦਾ ਚਾਰ ਰਹਿ ਜਾਂਦਾ ਹੈ । ਕਿਉਕਿ ਪ੍ਰਸ਼ਾਸਨ ਕਰਕੇ ਪਹਿਲਾਂ ਕਿਸਾਨਾਂ ਤੇ ਦਬਾਅ ਪਾਇਆ ਹੁੰਦਾ ਹੈ । ਜਿਸ ਦੇ ਸਿੱਟੇ ਵਜੋਂ ਫਿਰ ਲੁਕ ਕੇ ਨੌਕਰੀ ਕਰਨ ਦਾ ਸਿਲਸਿਲਾ ਆਪਣੇ ਨੁਕਸਾਨ ਦੇ ਡਰੋਂ ਸ਼ੁਰੂ ਚੰਗੇ ਭਲੇ ਬੰਦੇ ਦਾ ਹੋ ਜਾਂਦਾ ਹੈ । ਨਫਰਤ ਈਰਖਾ ਦਾ ਸ਼ਿਕਾਰ ਅੱਡ ਹੁੰਦਾ ਹੈ ।



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

ਏਸੇ ਤਰ੍ਹਾਂ ਇਲੈਕਸ਼ਨ ਵਿਚ ਵੀ ਮੁਲਾਜ਼ਮ ਜਿਥੇ ਪੰਚਾਇਤੀ ਚੋਣਾਂ ਵਿਚ ਵੀ ਆਪਣੇ ਨੌਕਰੀ ਕਰਦੇ ਪੇਂਡੂ ਏਰੀਏ ਵਿੱਚ ਇਲੈਕਸ਼ਨ ਡਿਊਟੀ ਲਗਾਉਣ ਕਰਕੇ ਵੀ ਕੀਤੇ ਨਾ ਕੀਤੇ ਅਗਿਆਨਤਾ ਵੱਸ ਸੰਬੰਧਿਤ ਪਿੰਡ ਦੇ ਕੁੱਝ ਸਿਆਸੀ ਲੋਕਾਂ ਵਲੋਂ ਵੀ ਈਰਖਾ ਤੇ ਧੜੇਬੰਦੀਆਂ ਤੋਂ ਖਰੀਆਂ ਖਰੀਆਂ ਜਰੂਰ ਸੁਣਨ ਨੂੰ ਮਿਲੀਆਂ । ਜੋ ਮੇਰੇ ਨਾਲ ਪੰਜ ਛੇ ਮੌਕਿਆਂ ਤੇ ਬੂਥ ਤੇ ਹੋਇਆ । ਸ਼ਾਇਦ ਸਰਕਾਰ ਦੇ ਪੱਖ ਵੱਲੋਂ ਖੜ੍ਹੇ ਹੋਣ ਵਾਲੇ ਸੂਝਵਾਨ ਨੂੰ ਇਹ ਦਿਮਾਗ ਵਿਚ ਨਹੀਂ ਸੀ ਕਿ ਤੁਸੀਂ ਜ਼ਰੂਰ ਅੱਜ ਉਮੀਦਵਾਰ ਬਣੇ ਹੋ, ਸਰਕਾਰੀ ਮੁਲਾਜ਼ਮਾਂ ਦਾ ਵਾਹ ਤੇ ਕੰਮ ਕਾਜ ਪਿੰਡ ਦੇ ਨੰਬਰਦਾਰ ਤੇ ਪਿਛਲੇ ਰਹਿ ਚੁੱਕੇ ਮੌਜੂਦਾ ਸਰਪੰਚ ਨਾਲ ਹੀ ਪੈਂਦਾ ਹੈ ਪਾਰਟੀ ਭਾਵੇਂ ਕੋਈ ਵੀ ਹੋਵੇ । ਪਰ ਏਥੇ ਸ਼ਾਇਦ ਕੁੱਝ ਕੁ ਗਿਆਨਹੀਣੇ ਲੋਕਾਂ ਵੱਲੋਂ ਸ਼ਾਇਦ ਮੁਲਾਜ਼ਮਾਂ ਨੂੰ ਵੀ ਪਿੰਡ ਵਿਚ ਪੁਰਾਣੇ ਸਮੇਂ ਵਿਚ ਵਿਚਰਦਿਆਂ ਪੁਰਾਣੇ ਨੁਮਾਇੰਦਿਆਂ ਨਾਲ ਮੀਟਿੰਗਾਂ ਤੇ ਗੱਲਬਾਤ ਨੂੰ ਸੰਬੰਧਿਤ ਪਾਰਟੀਆਂ ਨਾਲ ਵੀ ਬੇਵਕੂਫੀ ਵੱਸ ਜੋੜਨ ਦਾ ਸਬੱਬ ਬਣਾਉਂਦੇ ਹਨ । ਜੋ ਬਦਨਾਮੀ ਵੀ ਅਣਜਾਣੇ ਦੀ ਮੁਲਾਜ਼ਮ ਨੂੰ ਆਪਣੇ ਨਾਲ ਲੈ ਕੇ ਚੱਲਦਾ ਹੈ । ਸ਼ਾਇਦ ਉਹਨਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਮੁਲਾਜ਼ਮ ਖੁਦ ਉਸ ਨੋਡਲ ਡਿਊਟੀ ਤੋਂ ਡਰ ਕੇ ਚੁੱਪ ਚੁਪੀਤੇ ਨਿਕਲਣ ਦੀ ਫਿਰਾਕ ਵਿਚ ਹੁੰਦਾ, ਜੋ ਉਸ ਦੇ ਮਾਂ ਵਿਭਾਗ ਦੀ ਨਹੀਂ ਹੁੰਦੀ । ਡਰ ਇਹ ਕਿ ਕੀਤੇ ਮੈਂ ਇਸ ਵਿਚ ਫਸ ਹੀ ਨਾ ਜਾਵਾਂ, ਜਿੱਥੇ ਬਾਕੀ ਡਿਊਟੀ ਚੰਗੀਆਂ ਸੇਵਾਵਾਂ ਦੇਣ ਨਾਲ ਕੀਤੀ ਹੈ ।

ਅਜਿਹੀਆਂ ਸਮਾਜ ਵਿਚ ਵਿਚਰਦਿਆਂ ਮੁਸ਼ਕਿਲਾਂ ਸੁਣਦਿਆਂ ਸੁਣਦਿਆਂ ਅੱਜ ਹੱਡਬੀਤੀ ਦਾਸਤਾਨ ਜੋ ਖੁਦ ਜਦੋਂ ਮੇਰੀ ਆਪਣੀ ਵੀ ਤਨਖਾਹ ਚੰਗੇ ਭਲੇ ਕਿਸਾਨ ਭਰਾਵਾਂ ਦੇ ਕੰਮ ਕਰਦਿਆਂ ਕਰਦਿਆਂ ਤਿੰਨ ਮਹੀਨਿਆਂ ਤੋਂ ਵਿਭਾਗ ਵੱਲੋਂ ਰੋਕੀ ਗਈ, ਤਾਂ ਸਹਿਣਾ ਤੇ ਸੁਣਨਾ ਤੇ ਕੰਮ ਕਰਨਾ ਹੋਰ ਔਖਾ ਹੋ ਗਿਆ । ਕੋਈ ਵੀ ਹੋਰ ਕੰਮ ਕਰਨ ਜਾਂ ਕਿਸੇ ਦੀ ਸੁਣਨ ਜਾਂ ਕਿਸੇ ਨਾਲ ਵਿਚਰਨ ਦਾ ਮਨੋਬਲ ਤਕਰੀਬਨ ਮੇਰੇ ਆਪਣੇ ਵਿਭਾਗ ਤੇ ਸਰਕਾਰ ਨੇ ਖਤਮ ਕਰ ਦਿੱਤਾ ਸੀ । ਬੱਸ ਰਹਿ ਗਈ ਸੀ ਤੇ ਸਭ ਨਾਲ ਨਿਰਾਸ਼ਾ । ਜਾਂ ਫੋਨ ਬੰਦ ਕਰਨ ਦਾ ਖਿਆਲ ਸੀ ਆਉਂਦਾ । ਸੋਚ ਵਿਚ ਸੀ ਕਿ ਏਨਾਂ ਨੇ 14 ਸਾਲਾਂ ਦੀ ਨੌਕਰੀ ਕਰਨ ਤੇ ਮਾਣ ਸਨਮਾਣ ਤੇ ਪ੍ਰਮੋਸ਼ਨ ਆਦਿ ਤਾਂ ਕੀ ਦੇਣੀ ਐਂ, ਸਗੋਂ ਚੱਲਦਾ ਗੁਜ਼ਾਰਾ ਭੱਤਾ ਮਿਹਨਤਾਨਾ ਵੀ ਰੋਕ ਦਿੱਤਾ ਗਿਆ । ਏਥੇ ਵੀ ਜ਼ਿਕਰ ਤਨਖਾਹ ਜੋ ਆਤਮਾ ਕੇਂਦਰੀ ਪ੍ਰੋਜੈਕਟ ਦੇ ਸਟਾਫ ਦੀ ਸੀ ਜੋ ਹੋਰਨਾਂ ਸਟੇਟਾਂ ਨੂੰ ਕੇਂਦਰ ਵੱਲੋਂ ਤਿੰਨ ਕਿਸ਼ਤਾਂ ਬੱਜਟ ਦੀ ਜਾਰੀ ਹੋਣ ਬਾਰੇ ਪਤਾ ਲੱਗਾ, ਕਿ ਪੰਜਾਬ ਨੂੰ ਕੇਵਲ ਇਕ ਜਾਰੀ ਹੋਈ ਜਾਂ ਪੰਜਾਬ ਵਿਚ ਅਣਗਹਿਲੀ ਕਿਸ ਪਾਸੋਂ ਹੋਈ ਖੈਰ ਪਤਾ ਨਹੀਂ । ਜਿਸ ਕਰਕੇ ਵੀ ਹੋਈ ਯੂਨੀਅਨ ਵੱਲੋਂ ਦੁਖਾਂਤ ਵਿਚ ਆਉਣ ਕਰਕੇ ਵਿਭਾਗ ਦੇ ਨਿਰਦੇਸ਼ਕ ਦੇ ਦਫਤਰ ਮੁਹਾਲੀ ਵਿਖੇ ਧਰਨਾ ਵੀ ਰੋਸ ਵਜੋਂ ਦਿੱਤਾ । ਇਸ 23 ਅਕਤੂਬਰ ਨੂੰ ਧਰਨੇ ਤੋਂ ਬਾਅਦ ਅੱਜ ਪੰਜਾਬ ਵਿਚ ਆਪੋ ਆਪਣੇ ਜ਼ਿਲ੍ਹਿਆਂ ਦੇ ਮੁੱਖ ਖੇਤੀਬਾੜੀ ਦਫਤਰ ਦੇ ਅੱਗੇ ਪੱਕੇ ਪੈਰੀਂ ਧਰਨੇ ਜਾਰੀ ਤੇ ਸਾਰੇ ਕੰਮ ਕਾਜ ਛੱਡ ਬੈਠ ਗਏ ਹਨ । ਇਕ ਖਿਆਲ ਸੀ ਕਿ ਏਨਾਂ ਕੁਝ ਸਮਾਜ ਵਿਚ ਹੁੰਦਾ ਦੇਖ ਕੇ ਆਪਣੇ ਨਾਲ ਦੇ ਵੀ ਏਨਾਂ ਦੁੱਖਾਂ ਕਰਕੇ ਹੀ ਵਿਦੇਸ਼ ਗਏ ਹੋਣੋਂ ਨੇ ਤੇ ਵਿਦੇਸ਼ ਜਾਣ ਬਾਰੇ ਵੀ ਆਪਣੀ ਵੀ ਬੁੱਧ ਘੁੰਮਣ ਲੱਗ ਪਈ । ਸਮਝ ਨਹੀਂ ਲੱਗ ਰਹੀ ਸੀ ਕਿ ਦੇਸ਼ ਆਜ਼ਾਦ ਹੋ ਗਿਆ ਹੈ ਜਾਂ ਹਰ ਕੋਈ ਹੱਕ ਲੈਣ ਲਈ ਅਜੇ ਵੀ ਹਰ ਕੋਈ ਸਮਾਜ ਦਾ ਵਰਗ ਲੜ ਰਿਹਾ ਹੈ । ਕੀਤੇ ਜਾਣ ਬੁੱਝ ਕੇ ਅਜਿਹੇ ਹਾਲਾਤਾਂ ਨੂੰ ਪੈਦਾ ਤਾਂ ਨਹੀਂ ਕੀਤਾ ਗਿਆ । ਇਹ ਲੇਖ ਤਾਂ ਹੀ ਲਿਖਿਆ ਗਿਆ ਕਿ ਇਕੋ ਸਮੇਂ ਵਿਚ ਕਿਸਾਨ, ਮੁਲਾਜ਼ਮ, ਮੰਡੀਆਂ ਤੇ ਆਰਥਿਕ ਵਰਤਾਰਾ ਤਕਰੀਬਨ ਹਿੱਲਿਆ ਹੋਇਆ ਦਿੱਸਿਆ ਤੇ ਮੁਲਾਜ਼ਮ ਦੁੱਖਾਂ ਵਿਚ ਚੁੱਪੀ ਧਾਰਦਾ ਤੇ ਕਿਸਾਨ ਜਥੇਬੰਦੀਆਂ ਐਕਸ਼ਨ ਮੋਡ ਵਿਚ । ਫੈਸਲਾ ਤੁਹਾਡੇ ਹੱਥ ਕਿ ਕਿਸ ਤਰ੍ਹਾਂ ਸਾਰੇ ਵਰਗਾਂ ਦਾ ਸੁਧਾਰ ਹੋ ਸਕੇ । ਕੌਣ ਸਿਆਸਤ ਛੱਡ ਪਹਿਲਕਦਮੀ ਕਰੇ, ਕੌਣ ਇਹਨਾਂ ਦੀ ਜ਼ਿੰਮੇਵਾਰਨਾ ਨਾਲ ਮੋਨੀਟਰਿੰਗ ਕਰੇ ਕਿ ਕਿੱਥੇ ਅਗਾਂਹ ਵੀ ਏਸੇ ਤਰ੍ਹਾਂ ਦੀ ਚੂਕ ਨਾ ਹੋਵੇ । ਇਹ ਲੇਖ ਨਿੱਜੀ ਸੋਚ ਤੇ ਸਮਾਜ ਵਿਚ ਵਿਚਰਦਿਆਂ ਲਿਖਿਆ ਹੈ ਜਿਸ ਦਾ ਕਿਸੇ ਬਾਡੀ ਅਦਾਰੇ ਨਾਲ ਕੋਈ ਸਬੰਧ ਨਹੀਂ ।



ਕਿਸਾਨ ਵੀਰੋ!
ਪਰਾਲੀ ਨਾ ਸਾੜੋ

★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ ।
★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ ।
★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ ।
★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ ।
★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦਿਓ ।
★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਨਾਓ ।
★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜ਼ੀਹ ਦਿਉ ।
★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ ।
★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ ।

ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ!
ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਈਏ!!

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

ਕਿਸਾਨ ਭਰਾਵੋ ! ਤਾਪਮਾਨ ਨੂੰ ਧਿਆਨ ਵਿਚ ਰੱਖਦੇ ਹੋਏ ਕਣਕ ਦੀ ਬਿਜਾਈ ਦੀ ਵਿਉਂਤਬੰਦੀ ਕਰੋ ।



**ਕਣਕ** : ਸੇਂਜੂ ਹਾਲਤਾਂ ਲਈ ਕਣਕ ਦੀਆਂ ਨਵੰਬਰ ਮਹੀਨੇ ਦੇ ਦੂਸਰੇ ਅਤੇ ਚੌਥੇ ਹਫਤੇ ਤੱਕ ਠੀਕ ਸਮੇਂ ਦੇ ਬਿਜਾਈ ਲਈ ਪੀ ਬੀ ਡਬਲਯੂ 826, ਪੀ ਬੀ ਡਬਲਯੂ-824, ਪੀ ਬੀ ਡਬਲਯੂ-803, ਸੁਨਹਿਰੀ (ਪੀ ਬੀ ਡਬਲਯੂ-766), ਪੀ ਬੀ ਡਬਲਯੂ-1 ਚਪਾਤੀ, ਡੀ ਬੀ ਡਬਲਯੂ 222, ਡੀ ਬੀ ਡਬਲਯੂ 187, ਐਚ ਡੀ-3226, ਉੱਨਤ ਪੀ ਬੀ ਡਬਲਯੂ-343, ਪੀ ਬੀ ਡਬਲਯੂ ਜ਼ਿੰਕ 2, ਪੀ ਬੀ ਡਬਲਯੂ ਆਰ ਐਸ 1, ਪੀ ਬੀ ਡਬਲਯੂ 1 ਜ਼ਿੰਕ, ਪੀ ਬੀ ਡਬਲਯੂ 725, ਪੀ ਬੀ ਡਬਲਯੂ 677, ਐਚ ਡੀ 3086, ਉੱਨਤ ਪੀ ਬੀ ਡਬਲਯੂ 550 ਦੀ ਬਿਜਾਈ ਪੂਰੀ ਕਰ ਲੈਣੀ



ਚਾਹੀਦੀ ਹੈ ਕਣਕ ਦੀਆਂ ਕਿਸਮਾਂ ਡੀ ਬੀ ਡਬਲਯੂ 222 ਦੀ ਬਿਜਾਈ ਨੀਮ ਪਹਾੜੀ ਇਲਾਕਿਆਂ ਨੂੰ ਛੱਡ ਕੇ ਬਾਕੀ ਦੇ ਇਲਾਕਿਆਂ ਵਿਚ ਕੀਤੀ ਜਾ ਸਕਦੀ ਹੈ ਅਤੇ ਪੀ ਬੀ ਡਬਲਯੂ 803 ਕਿਸਮ ਪੰਜਾਬ ਦੇ ਦੱਖਣ ਪੱਛਮੀ ਇਲਾਕਿਆਂ ਲਈ ਢੁੱਕਵੀਂ ਹੈ । ਕਣਕ ਦੀ ਬਿਜਾਈ ਸੇਂਜੂ ਹਾਲਤਾਂ ਵਿਚ ਅਕਤੂਬਰ ਦੇ ਚੌਥੇ ਹਫਤੇ ਤੋਂ ਨਵੰਬਰ ਦੇ ਚੌਥੇ ਹਫਤੇ ਤੱਕ ਕਰ ਲੈਣੀ ਚਾਹੀਦੀ ਹੈ । ਜਿਨ੍ਹਾਂ ਖੇਤਾਂ ਵਿਚ ਝੋਨੇ ਦੀ ਪਰਾਲੀ ਦੀ ਸੰਭਾਲ ਹੈਪੀ ਸੀਡਰ ਜਾਂ ਸੁਪਰ ਸੀਡਰ ਨਾਲ ਕਰਕੇ ਕਣਕ ਦੀ ਬਿਜਾਈ ਕਰਨੀ ਹੋਵੇ ਉਹਨਾਂ ਖੇਤਾਂ ਵਿਚ ਕਣਕ ਦੀ ਕਿਸਮ ਪੀ ਬੀ ਡਬਲਯੂ 869 ਦੀ ਬਿਜਾਈ ਕਰੋ । ਗੁੱਲੀ ਡੰਡੇ ਦੀ ਰੋਕਥਾਮ ਲਈ ਸਟੌਂਪ 30 ਈ ਸੀ (ਪੈਂਡੀਮੈਥਾਲਿਨ) 1.5 ਲਿਟਰ ਜਾਂ ਅਵਕੀਰਾ / ਮੋਮੀਜੀ 85 ਡਬਲਯੂ ਜੀ (ਪਾਈਰੌਕਸਾਸਲਫੋਨ) 60 ਗ੍ਰਾਮ ਜਾਂ ਪਲੇਟਫਾਰਮ 385 ਐਸ ਈ (ਪੈਂਡੀਮੈਥਾਲਿਨ + ਮੈਟਰੀਬਿਊਜ਼ਿਨ) 1.0 ਲਿਟਰ ਜਾਂ ਦਕਸ਼ ਪਲੱਸ 48 ਈ ਸੀ (ਪੈਂਡੀਮੈਥਾਲਿਨ + ਮੈਟਰੀਬਿਊਜ਼ਿਨ) 900 ਮਿਲੀਲਿਟਰ ਪ੍ਰਤੀ ਏਕੜ ਵਰਤੋਂ ਇਹਨਾਂ ਵਿੱਚੋਂ ਕਿਸੇ ਇਕ ਨਦੀਨਨਾਸ਼ਕ ਦਾ ਛਿੜਕਾਅ ਬਿਜਾਈ ਤੋਂ 2 ਦਿਨਾਂ ਦੇ ਅੰਦਰ ਅੰਦਰ 200 ਲਿਟਰ ਪਾਣੀ ਵਰਤ ਕੇ ਕਰੋ । ਕਣਕ ਦੀ ਬਿਜਾਈ ਸਮੇਂ ਦਰਮਿਆਨੀ ਉਪਜਾਊ ਸ਼ਕਤੀ ਵਾਲੀਆਂ ਮਿੱਟੀਆਂ ਵਿਚ 55 ਕਿਲੋ ਡੀ. ਏ. ਪੀ./ਏਕੜ ਡਰਿੱਲ ਕਰੋ । ਬਿਜਾਈ ਸਮੇਂ ਯੂਰੀਆ ਪਾਉਣ ਦੀ ਲੋੜ ਨਹੀਂ । ਪਹਿਲੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 45 ਕਿਲੋ ਯੂਰੀਆ/ਏਕੜ ਪਾਓ । ਕਣਕ ਦੀ ਪੀ ਬੀ ਡਬਲਯੂ 869 ਕਿਸਮ ਹੈਪੀ ਸੀਡਰ ਨਾਲ ਬਿਜਾਈ ਲਈ ਸਿਫਾਰਿਸ਼ ਕੀਤੀ ਜਾਂਦੀ ਹੈ । ਨਵੰਬਰ ਦੇ ਚੌਥੇ ਹਫਤੇ ਤੋਂ ਬਾਅਦ ਪੀ ਬੀ ਡਬਲਯੂ 771 ਜਾਂ ਪੀ ਬੀ ਡਬਲਯੂ 752 ਕਿਸਮ ਬੀਜੋ ।

**ਕਮਾਦ** : ਆਉਣ ਵਾਲੇ 2-3 ਦਿਨ ਖੁਸ਼ਕ ਮੌਸਮ ਨੂੰ ਧਿਆਨ ਵਿਚ ਰੱਖਦੇ ਹੋਏ ਕਿਸਾਨ ਵੀਰ ਫਸਲ ਨੂੰ ਲੋੜੀਂਦਾ ਪਾਣੀ ਲਗਾ ਸਕਦੇ ਹਨ । ਸੀ ਓ ਪੀ ਬੀ-95, ਸੀ ਓ ਪੀ ਬੀ-96, ਸੀ ਓ ਪੀ ਬੀ-15023, ਸੀ ਓ ਪੀ ਬੀ-92 ਸੀ ਓ ਜੇ-85 ਅਤੇ ਸੀ ਓ-118 ਵਰਗੀਆਂ ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਦੀ ਪਿੜਾਈ/ਕਟਾਈ ਸ਼ੁਰੂ ਕਰੋ ।

**ਤੇਲ ਬੀਜ** : ਆਉਣ ਵਾਲੇ 2-3 ਦਿਨ ਸਾਫ ਮੌਸਮ ਦੌਰਾਨ ਰਾਇਆ ਅਤੇ ਅਫਰੀਕਨ ਸਰ੍ਹੋਂ ਦੀ ਬਿਜਾਈ 15 ਨਵੰਬਰ ਤੱਕ ਪੂਰੀ ਕਰ ਲਵੋ । ਅਫਰੀਕਨ ਸਰ੍ਹੋਂ ਪੀ ਸੀ 6 ਦੀ ਬਿਜਾਈ ਵੀ ਇਸ ਸਾਰੇ ਮਹੀਨੇ ਵਿਚ ਕੀਤੀ ਜਾ ਸਕਦੀ ਹੈ । ਰਾਇਆ ਦੀਆਂ ਗਿਰੀਰਾਜ, ਆਰ ਐਲ ਸੀ 3, ਪੀ ਬੀ ਆਰ 357 ਕਿਸਮਾਂ ਪੰਜਾਬ ਦੇ ਸਾਰੇ ਇਲਾਕਿਆਂ ਵਿਚ ਸੇਂਜੂ ਹਾਲਤਾਂ ਲਈ ਢੁੱਕਵੀਆਂ ਹਨ । ਗੋਭੀ ਸਰ੍ਹੋਂ ਦੀ ਪਿਛੇਤੀ ਬਿਜਾਈ ਨਾਲੋਂ ਪਨੀਰੀ ਰਾਹੀਂ ਫਸਲ ਜ਼ਿਆਦਾ ਲਾਹੇਵੰਦ ਹੈ । ਪਨੀਰੀ ਰਾਹੀਂ ਗੋਭੀ ਸਰ੍ਹੋਂ ਬੀਜਣ ਲਈ ਕਨੌਲਾ ਕਿਸਮ ਦੀ 30 ਦਿਨਾਂ ਦੀ ਉਮਰ ਦੀ ਪਨੀਰੀ ਵਰਤੋਂ । ਰਾਇਆ, ਅਫਰੀਕਨ ਸਰ੍ਹੋਂ ਅਤੇ ਗੋਭੀ ਸਰ੍ਹੋਂ ਨੂੰ ਬਿਜਾਈ ਵੇਲੇ 45 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਤੇ 10 ਕਿਲੋ ਮਿਊਰੇਟ ਆਫ ਪੋਟਾਸ਼ (ਸਿਰਫ ਘਾਟ ਵਾਲੀਆਂ ਜ਼ਮੀਨਾਂ ਵਿਚ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣ ਦੀ ਜ਼ਰੂਰਤ ਹੈ । ਯੂਰੀਏ ਦੀ ਦੂਸਰੀ ਕਿਸ਼ਤ 45 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਵੇਲੇ ਪਾਓ । ਬਰਾਨੀ ਹਾਲਤਾਂ ਵਿਚ ਰਾਇਆ ਨੂੰ 33 ਕਿਲੋ ਯੂਰੀਆ ਅਤੇ 50 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਓ ।

**ਚਾਰੇ** : ਬਰਸੀਮ ਦੀ ਪਹਿਲੀ ਕਟਾਈ ਕਰ ਲਵੋ । ਰੇਤਲੀ ਜ਼ਮੀਨ ਵਿਚ ਮੈਗਨੀਜ਼ ਸਲਫੇਟ ਦੀ ਘਾਟ ਵਾਲੀ ਫਸਲ ਤੇ ਕਟਾਈ ਤੋਂ 2 ਹਫਤੇ ਬਾਅਦ 0.5% ਮੈਂਗਨੀਜ਼ ਸਲਫੇਟ (ਇਕ ਕਿਲੋ ਮੈਗਨੀਜ਼ ਸਲਫੇਟ 200 ਲਿਟਰ ਪਾਣੀ) ਦਾ ਛਿੜਕਾਅ ਕਰੋ । ਇਹ ਮਹੀਨੇ ਦੇ ਸ਼ੁਰੂ ਵਿਚ ਨੇਪੀਅਰ ਬਾਜਰੇ ਦੀ ਕਟਾਈ ਕਰ ਲਵੋ । ਪਿਛੇਤੀ ਕਟਾਈ ਕਰਨ ਨਾਲ ਇਸ ਦੀ ਮੁੱਢ ਠੰਢ ਨਾਲ ਮਰ ਜਾਂਦੇ ਹਨ ।

**ਸਬਜ਼ੀਆਂ** : ਮਿਰਚ ਅਤੇ ਬੈਂਗਣ ਦੀ ਪਨੀਰੀ ਦੀ ਬਿਜਾਈ ਕਰੋ ਜੋ ਕਿ ਫਰਵਰੀ-ਮਾਰਚ ਵਿਚ ਟ੍ਰਾਂਸਪਲਾਂਟ ਕੀਤੀ ਜਾਣੀ ਹੈ । ਅਕਤੂਬਰ ਵਿਚ ਬੀਜੇ ਗਏ ਟਮਾਟਰ ਅਤੇ ਬੈਂਗਣ ਦੇ ਬੂਟਿਆਂ ਦੀ ਲੁਆਈ ਸ਼ੁਰੂ ਕਰੋ । ਇਹ ਸਮਾਂ ਹਾੜ੍ਹੀ ਦੇ ਪਿਆਜ਼ ਦੀਆਂ ਕਿਸਮਾਂ ਜਿਵੇਂ ਪੀ ਆਰ ਓ-7, ਪੰਜਾਬ ਨਰੋਆ, ਪੀ. ਵਾਈ. ਓ.-1, ਪੀ.ਡਬਲਯੂ. ਓ.-2 ਅਤੇ ਹਾਈਬ੍ਰਿਡ ਪੀ ਓ ਐੱਚ-1 ਦੀ ਬਿਜਾਈ ਲਈ ਢੁੱਕਵਾਂ ਹੈ । ਮਟਰ ਦੀਆਂ ਮੁੱਖ ਸਮੇਂ ਦੀਆਂ ਕਿਸਮਾਂ ਜਿਵੇਂ ਪੰਜਾਬ-89, ਮਿੱਠੀ ਫਲੀ ਅਤੇ ਗਾਜਰ ਦੀਆਂ ਯੂਰਪੀਅਨ ਕਿਸਮਾਂ ਦੀ ਬਿਜਾਈ ਦਾ ਵੀ ਢੁੱਕਵਾਂ ਸਮਾਂ ਹੈ । ਆਲੂ ਦੀ ਫਸਲ ਦੀ ਬਿਜਾਈ ਲਈ ਰੋਗ ਮੁਕਤ ਸਿਹਤਮੰਦ ਬੀਜ ਦੀ ਵਰਤੋ ਕਰੋ । ਬਲੈਕ ਸਕ੍ਰਫ ਦੀ ਜਾਂਚ ਕਰਨ ਲਈ ਬੀਜ ਨੂੰ 100 ਲਿਟਰ ਪਾਣੀ ਵਿਚ ਸਿਸਟੀਵਾ @ 80 ਮਿਲੀਲਿਟਰ ਜਾਂ ਐਮੇਸਟੋ ਪ੍ਰਾਈਮ @ 83 ਮਿਲੀਲਿਟਰ ਜਾਂ ਮੋਨਸਰੇਨ @ 250 ਮਿਲੀਲਿਟਰ ਨਾਲ ਰੋਗਾਣੂ ਮੁਕਤ ਕਰੋ । ਆਉਣ ਵਾਲੇ 3-4 ਦਿਨ ਖੁਸ਼ਕ ਮੌਸਮ ਦੇਖਦੇ ਹੋਈ ਸਬਜ਼ੀਆਂ ਦੀ ਸਿੰਚਾਈ ਲੋੜ ਅਨੁਸਾਰ ਕਰੋ । ਫੁੱਲਗੋਭੀ ਦੀ ਮੁੱਖ ਸਮੇਂ ਲਈ ਸਿਫਾਰਸ਼ ਕੀਤੀਆਂ ਕਿਸਮਾਂ ਦੀ ਪਨੀਰੀ ਮੁੱਖ ਖੇਤ ਵਿਚ ਲਗਾਓ । ਸਰਦੀਆਂ ਦੀਆਂ ਸਬਜ਼ੀਆਂ ਜਿਵੇਂ ਕਿ ਮੂਲੀ, ਗਾਜਰ, ਸ਼ਲਗਮ, ਪਾਲਕ ਆਦਿ ਦੀ ਬਿਜਾਈ ਸ਼ੁਰੂ ਕੀਤੀ ਜਾ ਸਕਦੀ ਹੈ । ਗੋਭੀ ਦੀਆਂ ਅਗੇਤੀਆਂ ਕਿਸਮਾਂ ਦੇ ਬੀਜਾਂ ਦੀ ਬਿਜਾਈ ਮੁੱਖ ਖੇਤ ਵਿਚ ਕੀਤੀ ਜਾ ਸਕਦੀ ਹੈ । ਵੇਲਾਂ ਵਾਲੀਆਂ ਸਬਜ਼ੀਆਂ ਨੂੰ ਸਹਾਰਾ ਦਿਓ ਪਰ ਇਸ ਗੱਲ ਦਾ ਧਿਆਨ ਰੱਖੋ ਕਿ ਵੇਲਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ ।



**ਬਾਗਬਾਨੀ** : ਪੱਤਝੜ ਵਾਲੇ ਬੂਟਿਆਂ ਜਿਵੇਂ ਕਿ ਆੜੂ, ਅਲੂਚਾ, ਨਾਖ, ਅੰਗੂਰ ਆਦਿ ਦਾ ਪਾਣੀ ਰੋਕ ਦਿਉ ਤਾਂ ਕਿ ਸਰਦੀ ਆਉਣ ਤੋਂ ਪਹਿਲਾਂ ਇਹ ਬੂਟੇ ਨੀਂਦਰ ਅਵਸਥਾ ਵਿਚ ਆ ਜਾਣ ਤੇ ਠੰਡ ਤੋਂ ਵੀ ਬਚ ਸਕਣ । ਨਵੰਬਰ ਦੇ ਇਹਨਾਂ ਦਿਨਾਂ ਸਦਾ ਹਰੇ ਰਹਿਣ ਵਾਲੇ ਛੋਟੇ ਬੂਟਿਆਂ ਉੱਪਰ ਖਾਸ ਕਰਕੇ ਨਵੇਂ ਲਗਾਏ ਬੂਟਿਆਂ ਨੂੰ ਠੰਡ ਤੋਂ ਵੀ ਬਚਾਉਣ ਲਈ ਕੁੱਲੀਆਂ ਬਣਾਉਣ ਦੀ ਤਿਆਰੀ ਕਰ ਲਵੋ । ਇਹ ਕੁੱਲੀਆਂ ਸਰਕੰਡੇ, ਕਮਾਦ ਦੀ ਖੋਰੀ, ਮੱਕੀ ਦੇ ਟਾਂਡਿਆਂ ਆਦਿ ਦੀਆਂ ਬਣਾਈਆਂ ਜਾ ਸਕਦੀਆਂ ਹਨ । ਇਹ ਕੁੱਲੀਆਂ ਦੱਖਣ-ਪੱਛਮੀ ਪਾਸੇ ਵੱਲੋਂ ਖੁੱਲੀਆਂ ਰੱਖੋ ਤਾਂ ਕਿ ਪੌਦਿਆਂ ਨੂੰ ਧੁੱਪ ਲਗ ਸਕੇ । ਬੇਰਾਂ ਦੇ ਬਾਗਾਂ ਨੂੰ ਪਾਣੀ ਜ਼ਰੂਰ ਦਿਉ ਤੇ ਜ਼ਮੀਨ ਨੂੰ ਖੁਸ਼ਕ ਨਾ ਹੋਣ ਦਿਓ । ਸਰਦੀਆਂ ਵਿਚ 3-4 ਹਫਤੇ ਬਾਅਦ ਪਾਣੀ ਦਿੰਦੇ ਰਹੋ । ਬੇਰਾਂ ਦੇ ਫਲਾਂ ਦਾ ਕੇਰਾ ਰੋਕਣ ਲਈ ਨੈਫਥਲੀਨ ਐਸਟਿਕ ਐਸਿਡ (ਐਨ. ਏ. ਏ.) ਨੂੰ 15 ਗ੍ਰਾਮ ਪ੍ਰਤੀ 500 ਲਿਟਰ ਦੇ ਹਿਸਾਬ ਨਾਲ ਪ੍ਰਤੀ ਏਕੜ ਰਕਬੇ ਤੇ ਛਿੜਕੋ । ਨੈਫਥਲੀਨ ਐਸਟਿਕ ਐਸਿਡ ਨੂੰ ਪਹਿਲਾਂ ਥੋੜੀ ਜਿਹੀ ਅਲਕੋਹਲ ਵਿਚ ਘੋਲ ਲਵੋ ਅਤੇ ਫਿਰ ਪਾਣੀ ਵਿਚ ਮਿਲਾਉ । ਡੇਜ਼ੀ ਸੰਤਰੇ ਦੇ ਫਲਾਂ ਦੀ ਤੁੜਾਈ ਦਾ ਕੰਮ ਫਲਾਂ ਦੇ ਪਕਾਅ ਦੇ ਹਿਸਾਬ ਨਾਲ ਸ਼ੁਰੂ ਕਰ ਦਿਉ ।

**ਪਸ਼ੂ ਪਾਲਣ** : ਵਾਤਾਵਰਣ ਵਿਚ ਤਾਪਮਾਨ ਦੇ ਉਤਾਰ ਚੜ੍ਹਾਵ ਤੋਂ ਪਸ਼ੂਆਂ ਦਾ ਬਚਾਅ ਕਰਨਾ ਬਹੁਤ ਜ਼ਰੂਰੀ ਹੈ । ਸ਼ੈਡ ਅੰਦਰ ਪਰਾਲੀ ਜਾਂ ਰੇਤੇ ਦੀ ਸੁੱਕ ਪਾ ਦਿਉ ਤਾਂ ਕਿ ਅੰਦਰੋਂ ਸੁੱਕਾ ਅਤੇ ਨਿੱਘਾ ਰਹੇ । ਬਦਲਦੇ ਮੌਸਮ ਵਿਚ ਦੋਗਲੇ ਪਸ਼ੂਆਂ ਨੂੰ ਕਈ ਬਿਮਾਰੀਆਂ ਹੁੰਦੀਆਂ ਹਨ, ਇਸ ਲਈ ਇਨ੍ਹਾਂ ਦਾ ਖਾਸ ਖਿਆਲ ਰੱਖੋ । ਜੇ ਪਸ਼ੂ ਬਿਮਾਰ ਪੈ ਜਾਵੇ ਤਾਂ ਡਾਕਟਰ ਦੀ ਸਲਾਹ ਲਵੋ । ਤੰਦਰੁਸਤ ਪਸ਼ੂ ਸੂਣ ਤੋਂ 50-60 ਦਿਨਾਂ ਬਾਅਦ ਹੀਟ ਵਿਚ ਆਉਂਦਾ ਹੈ । ਸੋ ਉਸਨੂੰ ਹੀਟ ਦੀਆਂ ਨਿਸ਼ਾਨੀਆਂ ਲਈ ਗੌਰ ਨਾਲ ਵੇਖੋ ਅਤੇ ਆਸ ਕਰਵਾਉ ਜਾ ਮਸਨੂਈ ਗਰਭਦਾਨ ਦਾ ਟੀਕਾ ਲਗਵਾਉ ਤਾਂ ਜੋ ਦੋ ਸੂਇਆਂ ਦਾ ਵਿਚਕਾਰਲਾ ਫਰਕ ਘਟਾਇਆ ਜਾ ਸਕੇ । ਜੇਕਰ ਪਸ਼ੂ ਸ਼ਾਮੀ ਹੀਟ ਵਿਚ ਆਵੇ ਤਾਂ ਮਸਨੂਈ ਗਰਭਦਾਨ ਦਾ ਟੀਕਾ ਸਵੇਰੇ ਲਗਵਾਉ ਅਤੇ ਜੇ ਸਵੇਰੇ ਬੋਲੇ ਤਾਂ ਟੀਕਾ ਸ਼ਾਮ ਵੇਲੇ ਲਗਵਾ ਲਓ ।

## ਵਿਦੇਸ਼ ਜਾ ਕੇ ਵਸਣ ਵਾਲਿਆਂ ਲਈ ਪ੍ਰੇਰਨਾਸਰੋਤ ਬਣਿਆ ਕੁਲਵੰਤ ਸਿੰਘ ਮਲੂਕਾ

ਭਾਵੇਂ ਪੰਜਾਬ ਦੇ ਨੌਜਵਾਨਾਂ ਵਿਚ ਵਿਦੇਸ਼ ਜਾਣ ਦੀ ਹੋੜ ਲੱਗੀ ਹੋਈ ਹੈ ਪਰ ਜ਼ਿਲ੍ਹੇ ਦੇ ਪਿੰਡ ਮਲੂਕਾ ਦਾ ਜੰਮਪਲ ਕੁਲਵੰਤ ਸਿੰਘ ਮਲੂਕਾ ਅਜਿਹੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣਿਆ ਹੋਇਆ । ਕੁਲਵੰਤ ਸਿੰਘ ਮਲੂਕਾ ਨੇ 1999 ਵਿਚ ਕੈਨੇਡਾ ਨੂੰ ਛੱਡ ਕੇ ਮੁੜ ਆਪਣੇ ਸੂਬੇ ਪੰਜਾਬ ਵਿਚ ਡੇਰੇ ਲਾ ਲਏ ਸਨ ।

ਉਨ੍ਹਾਂ ਆਪਣੀ ਵਿਰਾਸਤ ਜਿੱਥੇ ਖੇਤੀਬਾੜੀ ਨੂੰ ਸੰਭਾਲਿਆ, ਉੱਥੇ ਹੀ ਉਨ੍ਹਾਂ ਬੱਚਿਆਂ ਨੂੰ ਚੰਗੀ ਸਿੱਖਿਆ ਦੇਣ ਦੇ ਮਨੋਰਥ ਨਾਲ ਕਲੇਰ ਇੰਟਰਨੈਸ਼ਨਲ ਸਕੂਲ ਸਮਾਧ ਭਾਈ ਵਿਖੇ ਸ਼ੁਰੂ ਕੀਤਾ । ਉਨ੍ਹਾਂ ਦਾ ਕਹਿਣਾ ਸੀ ਕਿ ਉਹ ਚੰਗੇ ਭਵਿੱਖ ਲਈ ਕੈਨੇਡਾ ਦੇ ਵਿਚ ਗਏ ਸਨ ਭਾਵੇਂ ਉੱਥੇ ਵੀ ਉਨ੍ਹਾਂ ਦਾ ਚੰਗਾ ਕਾਰੋਬਾਰ ਅਤੇ ਇਕ ਰੁਤਬਾ ਸੀ, ਪਰ ਇਸ ਤੋਂ ਬਾਅਦ ਉਨ੍ਹਾਂ ਨੂੰ ਆਪਣੀ ਮਿੱਟੀ ਨੇ ਆਵਾਜ਼ਾਂ ਮਾਰਨੀਆਂ ਸ਼ੁਰੂ ਕੀਤੀਆਂ, ਜਿਸ ਤੋਂ ਬਾਅਦ ਉਨ੍ਹਾਂ ਨੇ ਸੂਬੇ ਅੰਦਰ ਪੱਕੇ ਤੌਰ 'ਤੇ ਰਹਿਣ ਦਾ ਮਨ ਬਣਾ ਲਿਆ । ਸਾਲ 1999 ਵਿਚ ਕੁਲਵੰਤ ਸਿੰਘ ਮਲੂਕਾ ਆਪਣੇ ਪਰਿਵਾਰ ਸਮੇਤ ਪੰਜਾਬ ਪਰਤ ਆਏ, ਇੱਥੇ ਉਨ੍ਹਾਂ ਆਪਣੇ ਪੁਰਖਿਆਂ ਦੀ ਵਿਰਾਸਤ ਨੂੰ ਜਿੰਦਾ ਰੱਖਣ ਲਈ ਖੇਤੀਬਾੜੀ ਸ਼ੁਰੂ ਕੀਤੀ ਅਤੇ ਵਿੱਦਿਆ ਪੱਖੋਂ ਪੱਛੜੇ ਇਸ ਖੇਤਰ ਵਿਚ ਕਲੇਰ ਇੰਟਰਨੈਸ਼ਨਲ ਸਕੂਲ ਦੀ ਸਮਾਧ ਭਾਈ ਵਿਖੇ ਸਥਾਪਨਾ ਕੀਤੀ ।

ਇਸ ਸਕੂਲ ਵਿਚ ਹੁਣ ਕਰੀਬ 2500 ਵਿਦਿਆਰਥੀ ਚੰਗੀ ਸਿੱਖਿਆ ਹਾਸਲ ਕਰ ਰਹੇ ਹਨ । ਕੁਲਵੰਤ ਮਲੂਕਾ ਦਾ ਮੰਨਣਾ ਹੈ ਕਿ ਪੰਜਾਬ ਦੇ ਨੌਜਵਾਨ ਇੱਥੇ ਰਹਿ ਕੇ ਹੀ ਕੈਨੇਡਾ ਜਿੰਨੀ ਕਮਾਈ ਕਰ ਸਕਦੇ ਹਨ । ਉਨ੍ਹਾਂ ਕਿਹਾ ਕਿ ਪੰਜਾਬ ਦਾ ਜਿਹੜਾ ਪੈਸਾ ਕੈਨੇਡਾ ਤੇ ਹੋਰ ਦੇਸ਼ਾਂ ਵਿਚ ਜਾ ਰਿਹਾ ਹੈ, ਉਸ ਦੀ ਜੇਕਰ ਪੰਜਾਬ ਵਿਚ ਹੀ ਵਰਤੋਂ ਕੀਤੀ ਜਾਵੇ ਤਾਂ ਚੰਗੇ ਨਤੀਜੇ ਸਾਹਮਣੇ ਆ ਸਕਦੇਹਨ । ਉਨ੍ਹਾਂ ਨੌਜਵਾਨਾਂ ਨੂੰ ਕਿਹਾ ਕਿ ਕੰਮ ਕੋਈ ਵੱਡਾ ਛੋਟਾ ਨਹੀਂ ਹੁੰਦਾ, ਇਸ ਲਈ ਉਹ ਅਜਿਹੇ ਕੰਮਾਂ ਦੀ ਸ਼ੁਰੂਆਤ ਕਰਨ, ਜਿਨ੍ਹਾਂ ਵਿਚ ਲਾਗਤ ਘੱਟ ਅਤੇ ਆਮਦਨ ਜ਼ਿਆਦਾ ਹੋਵੇ । ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਆਪਣੀ ਮਾਂ ਜ਼ਮੀਨ ਨੂੰ ਨਹੀਂ ਵੇਚਣਾ ਚਾਹੀਦਾ, ਸਗੋਂ ਵਿਦੇਸ਼ਾਂ ਵਿਚ ਵਸੇ ਹੋਏ ਪ੍ਰਵਾਸੀ ਭਾਰਤੀਆਂ ਨੂੰ ਪੰਜਾਬ ਅੰਦਰ ਜ਼ਮੀਨ ਖਰੀਦਣ ਦੇ ਨਾਲ ਨਾਲ ਕੋਈ ਵੱਡੇ ਪ੍ਰੋਜੈਕਟ ਲਾਉਣੇ ਚਾਹੀਦੇ ਹਨ, ਜਿਨ੍ਹਾਂ ਵਿਚ ਸੂਬੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ ਅਤੇ ਉਹ ਵਿਦੇਸ਼ਾਂ ਵੱਲ ਮੂੰਹ ਨਾ ਕਰਨ ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਨੌਜਵਾਨਾਂ ਲਈ ਵੱਧ ਤੋਂ ਵੱਧ ਰੁਜ਼ਗਾਰ ਦੇ ਸਾਧਨ ਪੈਦਾ ਕਰੇ, ਜਿਸ ਨਾਲ ਪੰਜਾਬ ਦੀ ਸਥਿਤੀ ਹੋਰ ਮਜ਼ਬੂਤ ਹੋਵੇਗੀ । ਉਨ੍ਹਾਂ ਸੂਬੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇੱਥੇ ਰਹਿ ਕੇ ਹੀ ਆਪਣੇ ਕਾਰੋਬਾਰ ਕਰਨ । ਮਾਤਾ ਬਲਜਿੰਦਰ ਕੌਰ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ ਚਲਾਉਣ ਦੇ ਨਾਲ ਨਾਲ ਕੁਲਵੰਤ ਸਿੰਘ ਮਲੂਕਾ ਰਵਾਇਤੀ ਖੇਤੀ ਤੋਂ ਹਟ ਕੇ ਆਲੂਆਂ ਦੀ ਫਸਲ ਦੀ ਬਿਜਾਈ ਵੀ ਕਰਦੇ ਹਨ । ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਰਵਾਇਤੀ ਫਸਲਾਂ ਨੂੰ ਛੱਡ ਕੇ ਸਬਜ਼ੀਆਂ, ਦਾਲਾਂ ਅਤੇ ਤੇਲ ਬੀਜਾਂ ਦੀ ਕਾਸ਼ਤ ਕਰਨ । ਕੁਲਵੰਤ ਸਿੰਘ ਮਲੂਕਾ ਜਿੱਥੇ ਸਮਾਜ ਸੇਵਾ ਦੇ ਖੇਤਰ, ਉੱਥੇ ਉਹ ਰਾਜਸੀ ਖੇਤਰ ਵਿਚ ਵੀ ਆਪਣੇ ਪੈਰ ਜਮਾਉਣ ਲਈ ਯਤਨਸ਼ੀਲ ਹਨ । ਉਨ੍ਹਾਂ ਦਾ ਕਹਿਣਾ ਹੈ ਕਿ ਉਹ ਜਲਦੀ ਹੀ ਗਰੀਬ ਅਤੇ ਲੋੜਵੰਦ ਲੋਕਾਂ ਦੀ ਸਹੂਲਤ ਲਈ ਵੱਡਾ ਜ਼ਿਕਰਯੋਗ ਯਤਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ।

ਮਾਤਾ ਬਲਜਿੰਦਰ ਕੌਰ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ ਚਲਾਉਣ ਦੇ ਨਾਲ ਨਾਲ ਕੁਲਵੰਤ ਸਿੰਘ ਮਲੂਕਾ ਰਵਾਇਤੀ ਖੇਤੀ ਤੋਂ ਹਟ ਕੇ ਆਲੂਆਂ ਦੀ ਫਸਲ ਦੀ ਬਿਜਾਈ ਵੀ ਕਰਦੇ ਹਨ । ਉਨ੍ਹਾਂ ਪੰਜਾਬ 'ਚ ਖੇਤੀ ਕਰ ਰਹੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਰਵਾਇਤੀ ਫਸਲਾਂ ਨੂੰ ਛੱਡ ਕੇ ਸਬਜ਼ੀਆਂ, ਦਾਲਾਂ ਅਤੇ ਤੇਲ ਬੀਜਾਂ ਦੀ ਕਾਸ਼ਤ ਕਰ ਕੇ ਵੱਧ ਤੋਂ ਵੱਧ ਲਾਭ ਕਮਾਉਣ ।

# ਫਸਲਾਂ ਦਾ ਝਾੜ ਵਧਾਉਣ ਲਈ ਡੂੰਘੀ ਵਹਾਈ (ਚਿਜ਼ਲਿੰਗ) ਅਪਣਾਓ

ਐਮ ਐਸ ਕਾਹਲੋਂ, ਜੀਵਨਜੋਤ ਧਾਲੀਵਾਲ ਅਤੇ ਮਧੂ ਢਿੰਗਰਾ,
ਭੂਮੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ ਮੋਬਾਇਲ : 95010-34410



ਪੰਜਾਬ ਵਿਚ ਭਾਰੀਆਂ ਜ਼ਮੀਨਾਂ ਵਿਚ ਅਕਸਰ ਇਹ ਵੇਖਣ ਵਿਚ ਆਇਆ ਹੈ ਕਿ ਝੋਨੇ ਤੋਂ ਬਾਅਦ ਬੀਜੀ ਕਣਕ ਵਿਚ ਪਹਿਲੇ ਪਾਣੀ ਤੋਂ ਬਾਅਦ ਜ਼ਿਆਦਾ ਬਾਰਸ਼ਾਂ ਪਿਛੋਂ ਪੀਲਾਪਣ ਨਜ਼ਰ ਆਉਂਦਾ ਹੈ ਅਤੇ ਕਿਸਾਨ ਕਈ ਵਾਰ ਯੂਰੀਆ ਦੀ ਵਧੇਰੇ ਵਰਤੋਂ ਕਰਦੇ ਹਨ ਜਿਸ ਨਾਲ ਫਸਲ ਵਿਚ ਬਿਮਾਰੀਆਂ ਅਤੇ ਕੀੜੇ ਮਕੌੜਿਆਂ ਦਾ ਹਮਲਾ ਵੱਧਣ ਦਾ ਖਤਰਾ ਹੋ ਜਾਂਦਾ ਹੈ । ਜਦਕਿ ਕਣਕ ਦੇ ਪੀਲੇ ਪੈਣ ਦਾ ਅਸਲੀ ਕਾਰਨ ਜ਼ਮੀਨ ਦੀਆਂ ਭੌਤਿਕ ਹਾਲਤਾਂ ਦਾ ਖਰਾਬ ਹੋਣਾ ਹੈ । ਜਾਣੀ ਕਿ ਜ਼ਮੀਨ ਦੀ ਹੇਠਲੀ ਸਤਿਹ ਤੇ ਸਖਤ ਕੜ੍ਹ ਹੋਣ ਕਰਕੇ, ਪਾਣੀ ਜ਼ਮੀਨ ਹੇਠਾਂ ਪੂਰਾ ਨਹੀਂ ਜ਼ੀਰਦਾ ਅਤੇ ਫਲਸਰੂਪ ਪਾਣੀ ਦੀ ਬਹੁਤਾਤ ਹੋਣ ਕਰਕੇ ਜੜ੍ਹਾਂ ਲਈ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ ਅਤੇ ਫਸਲ ਪੀਲੀ ਪੈ ਜਾਂਦੀ ਹੈ । ਇਸ ਦੇ ਹੱਲ ਵਾਸਤੇ ਕਈ ਵਾਰ ਕਿਸਾਨ ਯੂਰੀਆ ਦੀ ਸਪਰੇਅ ਕਰਦੇ ਹਨ, ਪਰ ਇਸਦੇ ਪੱਕੇ ਹੱਲ ਲਈ ਇਕ ਵਾਰ ਇਸ ਸਖਤ ਕੜ੍ਹ ਨੂੰ ਤੋੜਣਾ ਪਵੇਗਾ । ਇਸ ਲਈ ਜ਼ਮੀਨ ਨੂੰ ਕੇਵਲ ਡੂੰਘੀ ਵਹਾਈ (ਚਿਜ਼ਲਿੰਗ) ਕਰਕੇ ਹੀ ਤੋੜਿਆ ਜਾ ਸਕਦਾ ਹੈ । ਡੂੰਘੀ ਵਹਾਈ ਤੋਂ ਮਤਲਬ 40-50 ਸੈਂਟੀਮੀਟਰ ਚੀਜ਼ਲ ਕਰਨਾ । ਇਸ ਨਾਲ ਜ਼ਮੀਨ ਦਾ ਭੌਤਿਕ ਵਾਤਾਵਰਣ ਵੀ ਠੀਕ ਹੋਵੇਗਾ, ਬੂਟਾ ਜ਼ਰੂਰੀ ਖੁਰਾਕ ਤੱਤਾਂ ਨੂੰ ਵੀ ਪੂਰੀ ਤਰ੍ਹਾਂ ਲੈ ਸਕੇਗਾ ਅਤੇ ਫਸਲੀ ਝਾੜ ਤੇ ਚੰਗਾ ਅਸਰ ਪਵੇਗਾ ।

ਪੰਜਾਬ ਦੀਆਂ ਜ਼ਿਆਦਾਤਰ ਜ਼ਮੀਨਾਂ ਰੇਤਲੀਆਂ ਅਤੇ ਘੱਟ ਤੋਂ ਦਰਮਿਆਣੇ ਜੈਵਿਕ ਮਾਦੇ ਵਾਲੀਆਂ ਹਨ । ਇਹਨਾਂ ਦੀ ਕੁਦਰਤੀ ਤੌਰ ਤੇ ਹੀ ਜ਼ਮੀਨੀ ਘਣਤਾ ਜ਼ਿਆਦਾ ਹੁੰਦੀ ਹੈ ਅਤੇ ਛੇਤੀ ਹੀ ਸੁੱਕ ਕੇ ਸਖਤ ਹੋ ਜਾਂਦੀਆਂ ਹਨ । ਜਿਸ ਕਰਕੇ ਜੜ੍ਹਾਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਫਸਲਾਂ ਦਾ ਝਾੜ ਘੱਟਦਾ ਹੈ । ਪਰ ਚਿਜ਼ਲਿੰਗ ਕਰਨ ਨਾਲ ਜੜ੍ਹਾਂ ਦੀ ਡੂੰਘਾਈ ਅਤੇ ਇਹਨਾਂ ਦੀ ਘਣਤਾ ਵੱਧ ਜਾਂਦੀ ਹੈ । ਜਿਸ ਦੇ ਫਲਸਰੂਪ ਪਾਣੀ ਅਤੇ ਤੱਤਾਂ ਦੀ ਵਧੀਆ ਵਰਤੋਂ (ਕਾਰਜ ਕੁਸ਼ਲਤਾ) ਹੋਣ ਕਰਕੇ ਫਸਲਾਂ ਦਾ ਝਾੜ ਵਧਾਇਆ ਜਾ ਸਕਦਾ ਹੈ । ਡੂੰਘੀ ਵਹਾਈ ਦਾ ਝਾੜ ਤੇ ਬਹੁਤਾ ਅਸਰ ਜ਼ਿਆਦਾ ਰੇਤਲੀਆਂ ਜ਼ਮੀਨਾਂ ਵਿਚ ਆਉਂਦਾ ਹੈ, ਕਿਉਕਿ ਇਹਨਾਂ ਦੀ ਉਪਜਾਊ ਸ਼ਕਤੀ ਘੱਟ ਹੋਣ ਕਰਕੇ ਫਸਲਾਂ ਦਾ ਝਾੜ ਘੱਟ ਹੀ ਹੁੰਦਾ ਹੈ । ਬਰਾਨੀ ਅਤੇ ਘੱਟ ਸਿੰਚਾਈ ਦੀਆਂ ਹਾਲਤਾਂ ਵਿਚ ਡੂੰਘੀ ਵਹਾਈ ਦਾ ਝਾੜ ਤੇ ਬਹੁਤਾ ਅਸਰ ਜ਼ਿਆਦਾ ਹੁੰਦਾ ਹੈ । ਇਸ ਕਰਕੇ ਡੂੰਘੀ ਵਹਾਈ ਨੂੰ ਪਾਣੀ ਬਚਾਉਣ ਦੀ ਤਕਨੀਕ ਪੱਖੋਂ ਵੀ ਵਰਤਿਆ ਜਾ ਸਕਦਾ ਹੈ, ਕਿਉਕਿ ਪੰਜਾਬ ਦੀ ਖੇਤੀ ਵਿਚ ਪਾਣੀ ਦੀ ਘਾਟ ਇਕ ਵੱਡਾ ਮਸਲਾ ਬਣ ਰਿਹਾ ਹੈ । ਇੱਥੇ ਇਹ ਯਕੀਨੀ ਬਣਾਇਆ ਜਾਵੇ ਕਿ ਜ਼ਮੀਨ ਨੂੰ ਵੱਧ ਤੋਂ ਵੱਧ ਨਰਮ (ਪੋਲਾ) ਕਰਨ ਲਈ ਚਿਜ਼ਲਿੰਗ ਸੁੱਕੀ ਜ਼ਮੀਨ ਵਿਚ ਹੀ ਕੀਤੀ ਜਾਵੇ । ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਚਿਜ਼ਲ ਵਾਲੇ ਸਿਆੜਾਂ ਤੇ ਟਰੈਕਟਰ ਦੇ ਟਾਇਰਾਂ ਦਾ ਭਾਰ ਨਾ ਪਵੇ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਭੂਮੀ ਵਿਗਿਆਨ ਵਿਭਾਗ ਵਲੋਂ ਕੀਤੀਆਂ ਖੋਜਾਂ ਦੱਸਦੀਆਂ ਹਨ ਕਿ ਚਿਜ਼ਲਿੰਗ ਨਾਲ ਕਣਕ (10%), ਮੱਕੀ (20%), ਝੋਨੇ ਪਿੱਛੋਂ ਲਈ ਕਮਾਦ (15%), ਸੂਰਜਮੁਖੀ (9%), ਸੋਇਆਬੀਨ (18%) ਅਤੇ ਰਾਇਆ (20%) ਦਾ ਝਾੜ ਵਧਿਆ ।




# ਸਤਿਗੁਰ ਨਾਨਕ ਪ੍ਰਗਟਿਆ

ਡਾ. ਰਣਜੀਤ ਸਿੰਘ

ਉਹ ਅਜੇਹਾ ਸਮਾਂ ਸੀ ਲੋਕੋ
ਹਰ ਪਾਸੇ ਸੀ ਲਖ ਛਾਈ।
ਜਬਰ ਜ਼ੁਲਮ ਦਾ ਸੀ ਪਸਾਰਾ
ਹੱਕ ਦੀ ਕਿਰਨ ਨਜ਼ਰ ਨਾ ਆਈ।

ਇਕ ਤਹਿਜ਼ੀਬ ਬੜੀ ਪੁਰਾਣੀ
ਸਿਸਕ ਸਿਸਕ ਦਮ ਤੋੜ ਰਹੀ ਸੀ।
ਸ਼ਰਾ ਦੇ ਅੰਨ੍ਹੇ ਹੜ੍ਹ ਦੇ ਅੱਗੇ
ਬੇਵਸ ਆਪਾ ਖੋਰ ਰਹੀ ਸੀ।

ਮਰੀ ਹੋਈ ਤਹਿਜ਼ੀਬ ਦੇ ਮਾਲਕ
ਆਪਣਾ ਕੋਈ ਈਮਾਨ ਨਹੀਂ ਰਖਦੇ।
ਅਣਖ, ਆਣ ਦੇ ਨਾਂ ਦੇ ਉੱਤੇ
ਕਦੇ ਉਨ੍ਹਾਂ ਦੇ ਜਿਸਮ ਨਹੀਂ ਭਖਦੇ।

ਨਵੀਂ ਆਈ ਤਹਿਜ਼ੀਬ ਸੀ ਜਿਹੜੀ
ਉਸ ਦੇ ਮਾਲਿਕ ਰਾਜ ਸੀ ਕਰਦੇ।
ਤਾਕਤ ਇਕ ਅਜੇਹਾ ਨਸ਼ਾ ਹੈ
ਪੀਵਣ ਵਾਲੇ ਘਟ ਹੀ ਡਰਦੇ।

ਭੁੱਲ ਸ਼ਰ੍ਹਾਂ ਨੂੰ ਭੈੜੇ ਬੰਦੇ
ਦੂਜੀ ਸਭਿਅਤਾ ਖਾਵਣ ਲੱਗੇ।
ਨੋਚ ਨੋਚ ਲੋਕਾਂ ਦੀ ਹੱਡੀਆਂ,
ਆਪਣੇ ਢਿੱਡ ਵਿਚ ਪਾਵਣ ਲਗੇ।

ਡਰਦੇ ਮਾਰੇ ਹਿੰਦ ਦੇ ਵਾਸੀ
ਭੁੱਲ ਰਹੇ ਸੀ ਸਭਿਅਤਾ ਆਪਣੀ,
ਦੂਜੇ ਤੇ ਜੋ ਜ਼ੁਲਮ ਕਰੇਂਦੇ
ਖੋਹ ਵੇਂਹਦੇ ਹਨ ਪ੍ਰਤਿਭਾ ਆਪਣੀ।

ਇਕ ਸੂਰਜ ਤੇ ਡੁੱਬ ਰਿਹਾ ਸੀ
ਦੂਜਾ ਚੜ੍ਹਦਾ ਗਿਆ ਗ੍ਰਸਿਆ,
ਹੱਕ ਪਰਾਇਆ ਖਾਵਣ ਵਾਲਾ
ਖੁਦ ਆਪੇ ਤੋਂ ਗਿਆ ਡੱਸਿਆ।

ਔਰਤ ਬਣੀ ਪੈਰ ਦੀ ਜੁੱਤੀ
ਮੋਚ ਆਈ ਤਾਂ ਪੈਰੀਂ ਪਾਈ,
ਮਾਂ ਆਪਣੇ ਜਾਇਆਂ ਤੋਂ ਹੀ
ਲੁੱਚੀ, ਲੰਡੀ, ਕੰਜਰੀ ਅਖਵਾਈ।

ਭਰਮਾਂ ਵਹਿਮਾਂ ਜਾਲ ਸੀ ਉਣਿਆ
ਜਿਸ ਵਿਚ ਫਾਥੀ ਕੁਲ ਲੁਕਾਈ,
ਟੂਣੇ, ਜਾਦੂ ਆਮ ਹੋਏ ਸਨ
ਹਰ ਪਾਸੇ ਸੀ ਕਾਲਖ ਛਾਈ।

ਰੱਬ ਦੇ ਭਗਤ ਸਦਾਵਣ ਵਾਲੇ
ਛੱਡ ਛਡਾ ਕੇ ਜੱਗ ਦੇ ਧੰਦੇ,
ਰੱਬ ਨੂੰ ਲਭਣ ਜੰਗਲ ਬੇਲੇ
ਘੁੰਮਦੇ ਫਿਰਦੇ ਰੱਬ ਦੇ ਬੰਦੇ।

ਰੱਬ, ਰੱਬ ਦੀ ਹੋਇ ਲੜਾਈ
ਅੱਲਾਹ, ਰਾਮ ਝਗੜ ਰਹੇ ਸਨ,
ਇਕੋ ਰੱਬ ਨੂੰ ਪੂਜਣ ਵਾਲੇ
ਇਕ ਦੂਜੇ ਨੂੰ ਰਗੜ ਰਹੇ ਸਨ।

ਆਗੂ ਧਰਮ ਦੇ ਆਖਣ ਸਾਰੇ
ਜਗ ਹੈ ਮੋਹ ਮਾਇਆ ਦਾ ਜਾਲ,
ਮੁਕਤੀ ਪਾਣੀ ਚਾਹੋ ਜੇ ਲੋਕੋ
ਇਸ ਨੂੰ ਦੇਵੋ ਤੁਸੀਂ ਤਿਆਗ।

ਬੰਦਾ ਬੰਦੇ ਨੂੰ ਪਿਆ ਖਾਵੇ
ਜਿਉਂ ਦਰਿਆ ਵਿਚ ਮੱਛੀਆਂ ਹੋਵਣ,
ਮਾੜੇ ਸਭ ਦੀ ਜੋਰੀ ਬਣ ਗਏ
ਬੈਠੇ ਆਪਣੀ ਕਿਸਮਤ ਰੋਵਣ।

ਉਚ ਨੀਚ ਦਾ ਚਰਚਾ ਸਾਰੇ
ਮਨੁੱਖ ਮਨੁੱਖ ਤੋਂ ਨਫਰਤ ਕਰਦਾ,
ਸੂਦਰ ਘਰ ਜੋ ਪੈਦਾ ਹੋ ਜਾਏ
ਸਾਰੀ ਉਮਰ ਰਹੇ ਦੁੱਖ ਜਰਦਾ।

ਕਰਮਾ ਦੀ ਕਦਮ ਨਾ ਕੋਈ
ਜਨਮਾਂ ਉੱਤੇ ਹੋਣ ਨਬੇੜੇ,
ਨੀਚੀ ਜਾਤ ਦਾ ਜੋ ਵੀ ਬੰਦਾ
ਲੱਗੇ ਨਾ ਕੋਈ ਉਸ ਦੇ ਨੇੜੇ।

ਲੋਕੀਂ ਬਣੇ ਰੁਖ ਅਜੇਹੇ
ਬਿਨ ਜੜ੍ਹਾਂ ਤੋਂ ਜਿਹੜੇ ਜਿਊਂਦੇ,
ਤਰਸ ਦਾ ਪਾਤਰ ਬਣ ਕੇ ਸਾਰੇ
ਜ਼ਹਿਰ ਨਮੋਸ਼ੀ ਹਰ ਪਲ ਪੀਂਦੇ।

ਹੱਕ ਪਰਾਇਆ ਹਰ ਕੋਈ ਖਾਵੇ
ਮਿਹਨਤ ਮੁੱਕਿਆ ਮਾਣ ਵੇ ਲਾਲੋ,
'ਸਰਮ ਧਰਮ ਦੋਇ ਛੁਪਿ ਖਲੋਏ,
ਕੂੜਿ ਫਿਰੈ ਪ੍ਰਧਾਨ ਵੇ ਲਾਲੋ।

ਰਾਤ ਦੀ ਪੱਸਰੀ ਕਾਲਖ ਪਿਛੋਂ
ਨਿਤ ਹੈ ਸੋਨ ਸਵੇਰਾ ਆਉਂਦਾ,
ਬਦਲਾਂ ਦੇ ਪਰਦੇ ਨੂੰ ਲਾਹ ਕੇ
ਨੀਲਾ ਅੰਬਰ ਝਾਤੀ ਪਾਉਂਦਾ।

ਜ਼ੁਲਮ ਜਬਰ ਜਦ ਹੱਦ ਨੂੰ ਟਪਣ
ਜਾਗੇ ਕੋਈ ਪੁੱਤ ਧਰਤ ਦਾ,
ਕੋਝੇ ਭਾਰ ਨੂੰ ਲਾਹੁਣ ਖਾਤਰ
ਜਨਮ ਲੈਂਦਾ ਹੈ ਸੁੱਤ ਧਰਤ ਦਾ।

ਕਦੇ ਤੇ ਕੋਈ ਸੂਰਜ ਨਿਕਲੂ
ਲੋਕੀਂ ਆਸਾਂ ਲਾਹ ਬੈਠੇ ਸਨ,
ਵਹਿਮਾਂ ਭਰਮਾਂ ਦੇ ਵਿਚ ਫਸ ਕੇ
'ਨੇਰ੍ਹਿਆਂ ਨੂੰ ਅਪਣਾ ਬੈਠੇ ਸਨ।

ਗਿਆਨ ਹਨੇਰੀ ਕੋਈ ਉੱਠੇ
ਇਸ ਗਹਿਰ ਨੂੰ ਲਾਹ ਕੇ ਸੁੱਟੇ,
ਲੋਕੀ ਤਰਲੇ ਕਰ ਰਹੇ ਸਨ
ਕਦੋਂ ਇਹ ਸਾਡਾ ਬੰਧਨ ਟੁੱਟੇ।

ਹਨੇਰੇ ਪੱਖ ਦੇ ਵਿਚੋਂ ਆਖਿਰ
ਚਾਨਣ ਸੋਮਾ ਪ੍ਰਗਟ ਹੋਇਆ,
ਸਦੀ ਪੰਦ੍ਰਵੀਂ ਸਾਲ ਉਨੱਤਰ
ਤਾਰੇ ਛਿਪੇ ਹਨੇਰ ਪਲੋਆ।

ਹੋ ਦਿਆਲ ਰੱਬ ਪੁਤਰ ਦਿਤਾ
ਮਹਿਤਾ ਕਾਲੂ ਖੁਸ਼ੀ ਮਨਾਈ,
ਤਲਵੰਡੀ ਦੇ ਸਭੇ ਲੋਕੀਂ
ਦੇਵਣ ਲਗੇ ਆਣ ਵਧਾਈ।

ਮਾਤ ਤ੍ਰਿਪਤਾ ਖੁਸ਼ੀ 'ਚ ਝੂਮੇ
ਰੱਬ ਨੇ ਉਸਦੀ ਰੱਖ ਵਿਖਾਈ,
ਜਿਸ ਔਰਤ ਕੁਖ ਪੁਤ ਨਾ ਜਨਮੇ
ਉਸ ਨਾਰ ਦੀ ਹੋਏ ਤਬਾਹੀ।

ਤਲਵੰਡੀ ਦੇ ਲੋਕੀ ਵੇਖਣ
ਇਹ ਕਿਹੜੀ ਕਿਰਨ ਹੈ ਚਮਕੀ,
ਇਥੇ ਘੁੱਪ ਹਨੇਰੇ ਅੰਦਰ
ਕੌਣ ਹੈ ਜਿਸਦੀ ਸ਼ਾਨ ਹੈ ਦਮਕੀ?

ਦਿਲ ਖੋਲ੍ਹ ਕੇ ਮਾਇਆ ਵੰਡੀ
ਮਹਿਤਿਆਂ ਨੇ ਰੱਜ ਖੁਸ਼ੀ ਮਨਾਈ,
ਪੰਡਤ, ਕਾਜ਼ੀ ਪੜ੍ਹਨ ਕਤੇਬਾਂ
ਹਰ ਪਾਸੇ ਸੀ ਛਹਿਬਰ ਛਾਈ।

ਕੁੜੀ ਜੇ ਜਨਮੇ ਸੋਗ ਸੀ ਹੁੰਦਾ
ਹਰ ਕੋਈ ਕਰਨ ਸੋਗ ਸੀ ਆਉਂਦਾ
ਰਾਜੇ ਸ਼ੀਹ ਮੁਕੱਦਮ ਕੁੱਤੇ
ਹਰ ਕੋਈ ਆਪਣੀ ਪੱਤ ਬਚਾਉਂਦਾ।

ਪੰਡਤ ਪਤਰੀ ਵੇਖ ਵੇਖ ਕੇ
ਖੁਸ਼ੀਆਂ ਨਾਲ ਝੂਮਾ ਜਾਵੇ
ਇਹ ਅਜੇਹਾ ਲਾਲ ਹੈ ਮਹਿਤਾ
ਨਾਮ ਜੋ ਤੇਰਾ ਜੱਗ ਰੁਸ਼ਨਾਵੇ।

ਸੁਣਕੇ ਹੋਰ ਖੁਸ਼ੀ ਸੀ ਚੜ੍ਹ ਗਈ
ਰੱਜ ਕੇ ਘਰ ਲੁਟਾਈ ਜਾਂਦਾ,
ਹੋਇਆ ਰੱਬ ਦਿਆਲ ਹੈ ਲੋਕੋ
ਮਹਿਤਾ ਆਖ ਸੁਣਾਈ ਜਾਂਦਾ।

ਨਾ ਹਿੰਦੂ ਤੇ ਨਾ ਹੀ ਮੋਮਨ
ਨਾਮ ਉਸ ਦਾ ਨਾਨਕ ਰੱਖਿਆ,
ਮੁਲਾਂ, ਪੰਡਤਾਂ ਸੋਚ ਸੋਚ ਕੇ
ਆਖਿਰ ਜਿਹੜਾ ਨਾ ਸੀ ਦੱਸਿਆ।

ਇਸੇ ਤਰ੍ਹਾਂ ਪੁੰਨਿਆ ਦੀ ਰਾਤੇ
ਚਾਨਣ ਵਿਚ ਇਕ ਚਾਨਣ ਚੜ੍ਹਿਆ,
ਨਿਰਭਉ, ਨਿਰਵੈਰ ਹੋਇ ਜਿਸ ਨੇ
ਸੱਚ ਧਰਮ ਦਾ ਰਾਹ ਸੀ ਫੜਿਆ।

ਕਿਰਤ ਨੂੰ ਉਸ ਮਾਣ ਬਖਸ਼ਿਆ,
ਕਿਰਤੀ ਗਲੇ ਲਗਾਇਆ।
ਨਾਲ ਉਨ੍ਹਾਂ ਦੇ ਆਪ ਖਲੋਇਆ,
ਨੀਚਾਂ ਦਾ ਉਸ ਮਾਣ ਵਧਾਇਆ।

ਅਣਖ, ਇੱਜਤ ਗੁਆ ਕੇ ਜੀਣਾ
ਮੌਤ ਤੋਂ ਵੀ ਭੈੜਾ ਹੋਵੇ।
ਹੱਕ ਦੀ ਖਾਤਰ ਲੜੇ ਬਹਾਦੁਰ
ਕਾਇਰ ਕਿਸਮਤ ਉੱਤੇ ਰੋਵੇ।

ਗਿਆਨ ਦਾ ਦੀਵਾ ਹਥੀਂ ਫੜੋ
ਕੂੜ ਹਨੇਰਾ ਦੂਰ ਕਰੀਏ।
ਕਿਰਤ ਕਰੀਏ ਨਾਮ ਜਪੀਏ,
ਰਲ ਸਾਰੇ ਵੰਡ ਕੇ ਛਕੀਏ।

# ਪੀ.ਏ.ਯੂ. ਮਾਹਿਰਾਂ ਅਨੁਸਾਰ ਜਲਵਾਯੂ ਪਰਿਵਰਤਨ, ਭੋਜਨ ਸੁਰੱਖਿਆ ਅਤੇ ਖੇਤੀ ਨਿਰੰਤਰਤਾ ਇੱਕ ਗੰਭੀਰ ਚੁਣੌਤੀ



ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿਖੇ ਜਲਵਾਯੂ ਪਰਿਵਰਤਨ ਅਤੇ ਊਰਜਾ ਤਬਦੀਲੀ ਦੇ ਸੰਦਰਭ ਵਿਚ ਖੇਤੀ-ਭੋਜਨ ਪ੍ਰਣਾਲੀਆਂ ਨੂੰ ਬਦਲਣ ਵਿਸ਼ੇ ਤੇ ਇੰਡੀਅਨ ਇਕਾਲੋਜੀਕਲ ਸੋਸਾਇਟੀ ਵੱਲੋਂ ਚਾਰ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਹੋਈ। ਜਿਸ ਵਿਚ ਮਾਣਯੋਗ ਗਵਰਨਰ, ਪੰਜਾਬ ਅਤੇ ਮਾਣਯੋਗ ਮੁੱਖ ਮੰਤਰੀ, ਪੰਜਾਬ ਸ਼ਾਮਿਲ ਹੋਏ। ਜਲਵਾਯੂ ਪਰਿਵਰਤਨ, ਭੋਜਨ ਸੁਰੱਖਿਆ ਅਤੇ ਖੇਤੀ ਨਿਰੰਤਰਤਾ ਨੂੰ ਇੱਕੀਵੀਂ ਸਦੀ ਦੀਆਂ ਗੰਭੀਰ ਚੁਣੌਤੀਆਂ ਮੰਨਦਿਆਂ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਸਾਨੂੰ ਖੇਤੀ ਨਿਰੰਤਰਤਾ ਨੂੰ ਕਾਇਮ ਰੱਖਣ ਲਈ ਆਪਣੀਆਂ ਫਸਲਾਂ ਦੇ ਪੈਟਰਨ ਬਦਲਣੇ ਪੈਣਗੇ, ਟਿਸ਼ੂ ਕਲਚਰ ਅਤੇ ਮਸ਼ੀਨੀ ਬੌਧਿਕਤਾ ਵਰਗੀਆਂ ਤਕਨੀਕਾਂ ਦੀ ਗਤੀ ਤੇਜ਼ ਕਰਨੀ ਪਵੇਗੀ, ਰਹਿੰਦ-ਖੂੰਹਦ ਦੀ ਸਾਂਭ-ਸੰਭਾਲ ਲਈ ਅਦਿ ਆਧੁਨਿਕ ਮਸ਼ੀਨਰੀ ਦੀ ਵਰਤੋਂ ਅਤੇ ਗੰਦਲੇ ਪਾਣੀ ਨੂੰ ਸਾਫ ਕਰਨ ਲਈ ਵੱਧ ਤੋਂ ਵੱਧ ਟ੍ਰੀਟਮੈਂਟ ਪਲਾਂਟ ਲਗਾਉਣੇ ਪੈਣਗੇ। ਫਸਲ ਨੂੰ ਬੀਜਣ, ਪਾਣੀ ਲਗਾਉਣ ਅਤੇ ਛਿੜਕਾਅ ਕਰਨ ਦੇ ਨਵੇਂ ਢੰਗ ਤਰੀਕਿਆਂ ਨੂੰ ਅਪਨਾ ਕੇ ਅਸੀਂ ਖੇਤੀ ਪੈਦਾਵਾਰ ਵਧਾ ਸਕਦੇ ਹਾਂ, ਸੋ ਸਾਨੂੰ ਨਵੀਆਂ ਤਕਨੀਕਾਂ ਨਾਲ ਕਦਮ ਮਿਲਾ ਕੇ ਤੁਰਨ ਦੀ ਲੋੜ ਹੈ। ਪੰਜਾਬ ਦੇ ਗੰਧਲੇ ਹੋ ਰਹੇ ਪਾਣੀਆਂ ਤੇ ਚਿੰਤਾ ਪ੍ਰਗਟ ਕਰਦਿਆਂ ਉਹਨਾਂ ਕਿਹਾ ਕਿ ਸਾਨੂੰ ਜਲਦੀ ਸੰਭਲਣ ਦੀ ਲੋੜ ਹੈ, ਤਾਂ ਜੋ ਪੰਜਾਬ ਕੇਵਲ ਨਾਂ ਦਾ ਹੀ ਪੰਜ ਆਬ ਨਾ ਰਹਿ ਜਾਵੇ, ਇਸ ਲਈ ਸਾਨੂੰ ਸਮਾਜਿਕ ਲਹਿਰ ਬਣਾਉਣੀ ਪਵੇਗੀ।



ਇਸ ਮੌਕੇ ਕਾਨਫਰੰਸ ਵਿਚ ਸ਼ਿਰਕਤ ਕਰ ਰੌਸਲ ਨੇ ਦੱਸਿਆ ਕਿ ਜਲਵਾਯੂ ਪਰਿਵਰਨ ਇੱਕੀਵੀਂ ਸਦੀ ਦੀ ਗੰਭੀਰ ਚੁਣੌਤੀ ਹੈ, ਜਿਸਦਾ ਹੱਲ ਲੱਭਣ ਲਈ ਸਾਡੇ ਵਿਗਿਆਨੀ ਇਸ ਕਾਨਫਰੰਸ ਵਿਚ ਵਿਚਾਰ-ਵਟਾਂਦਰੇ ਕਰਨਗੇ। ਉਹਨਾਂ ਉਮੀਦ ਪ੍ਰਗਟ ਕੀਤੀ ਕਿ ਹਮੇਸ਼ਾਂ ਦੀ ਤਰ੍ਹਾਂ ਇਸ ਚੁਣੌਤੀ ਨੂੰ ਨਜਿੱਠਣ ਵਿਚ ਵੀ ਪੀ.ਏ.ਯੂ. ਮੋਹਰੀ ਭੂਮਿਕਾ ਨਿਭਾਵੇਗੀ।

## ਵਿਵਾਦ ਝੋਨੇ ਦੀ ਪੀ.ਆਰ.-126 ਕਿਸਮ ਦਾ

# ਪਰਖ ਤੋਂ ਬਿਨਾਂ ਬੀਜਾਂ ਨੂੰ ਭੰਡਣਾ ਖੇਤੀ ਵਿਗਿਆਨੀਆਂ ਨਾਲ ਵੱਡਾ ਧ੍ਰੋਹ - ਖੇਤੀਬਾੜੀ ਮੰਤਰੀ

ਖੇਤੀ ਵਿਗਿਆਨੀਆਂ ਵੱਲੋਂ ਦਹਾਕਿਆਂ ਦੀ ਮਿਹਨਤ ਨਾਲ ਵਿਕਸਿਤ ਕੀਤੇ ਗਏ ਫ਼ਸਲਾਂ ਦੇ ਨਵੇਂ ਬੀਜਾਂ ਨੂੰ ਭੰਡਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ, ਕਿਉਂਕਿ ਇਸ ਨਾਲ ਨਾ ਸਿਰਫ ਕਿਸਾਨੀ ਦਾ ਵੱਡਾ ਆਰਥਿਕ ਨੁਕਸਾਨ ਹੁੰਦਾ ਹੈ, ਬਲਕਿ ਵਿਗਿਆਨੀਆਂ ਦੇ ਵੀ ਹੌਂਸਲੇ ਪਸਤ ਹੁੰਦੇ ਹਨ। ਇਹ ਮਾਮਲਾ ਅੱਜ ਖੇਤੀ ਵਿਗਿਆਨੀਆਂ, ਰਾਜਸੀ ਨੇਤਾਵਾਂ ਅਤੇ ਆਲਾ ਅਫ਼ਸਰਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਸਾਹਮਣੇ ਆਇਆ। ਇਸ ਸਮੇਂ ਝੋਨੇ ਦੀ ਪੀ. ਆਰ.-126 ਕਿਸਮ ਵੱਡੇ ਵਿਵਾਦ ਵਿੱਚ ਘਿਰੀ ਹੋਈ ਹੈ, ਇਹ ਪਹਿਲਾ ਮੌਕਾ ਨਹੀਂ ਜਦੋਂ ਝੋਨੇ ਦੀਆਂ ਕਿਸਮਾਂ 'ਤੇ ਵਿਵਾਦ ਉਠਿਆ ਹੋਵੇ, ਇਸ ਤੋਂ ਪਹਿਲਾਂ ਵੀ ਪੂਸਾ-44 ਅਤੇ ਪੀ. ਏ. ਯੂ.-201 ਕਿਸਮਾਂ ਵੀ ਨਿਸ਼ਾਨੇ 'ਤੇ ਰਹੀਆਂ ਹਨ। ਵਰਨਣਯੋਗ ਹੈ ਕਿ 2010 ਵਿੱਚ ਝੋਨੇ ਦੀ ਆਲਾ ਮਿਆਰੀ ਕਿਸਮ ਪੀ. ਏ. ਯੂ.-201 ਦੀ ਪੰਜਾਬ ਵਿੱਚ ਕਾਸ਼ਤ ਦੀ ਸਿਫਾਰਿਸ਼ ਨੂੰ ਇਸ ਦੋਸ਼ ਦੇ ਆਧਾਰ 'ਤੇ ਵਾਪਸ ਲੈ ਲਿਆ ਗਿਆ ਸੀ ਕਿ ਇਸ ਵਿੱਚ ਟੋਟਾ ਜ਼ਿਆਦਾ ਬਣਦਾ ਹੈ ਅਤੇ ਇਸ ਦੇ ਚੌਲਾਂ 'ਤੇ ਕਾਲੇ ਧੱਬੇ ਹਨ, ਪਰ ਉਸ ਸਮੇਂ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ. ਸੀ. ਐਮ. ਆਰ.) ਨੇ ਪੀ. ਏ. ਯੂ.-201 ਨੂੰ ਮਨੁੱਖੀ ਖਪਤ ਲਈ ਸਹੀ ਪ੍ਰਮਾਣਿਤ ਵੀ ਕਰ ਦਿੱਤਾ ਸੀ। ਹੈਰਾਨੀਜਨਕ ਗੱਲ ਇਹ ਹੈ ਕਿ ਉਸ ਸਮੇਂ ਖੇਤੀ ਮਾਹਿਰਾਂ ਨੇ ਇਹ ਗੁਹਾਰ ਵੀ ਲਗਾਈ ਸੀ ਕਿ ਪੰਜਾਬ ਦੀ ਪੂਰੀ ਸ਼ੈਲਰ ਸਨਅਤ ਨੂੰ ਟੋਟਾ ਘਟਾਉਣ ਲਈ ਅਪਗ੍ਰੇਡ ਕਰਨ 'ਤੇ ਸਿਰਫ 400 ਕਰੋੜ ਦੀ ਲਾਗਤ ਆਉਂਦੀ ਹੈ। ਜਦੋਂ ਇਸ ਕਿਸਮ

## ਦਹਾਕਿਆਂ ਦੀ ਸਖਤ ਮਿਹਨਤ ਤੋਂ ਬਾਅਦ ਵਿਕਸਿਤ ਹੁੰਦੇ ਹਨ ਨਵੇਂ ਬੀਜ

ਨੂੰ ਵਾਪਸ ਲੈਣ ਨਾਲ ਹਰ ਸਾਲ 2500 ਕਰੋੜ ਦਾ ਨੁਕਸਾਨ ਹੋਣਾ ਹੈ, ਪਰ ਉਸ ਸਮੇਂ ਵਿਗਿਆਨ 'ਤੇ ਅਗਿਆਨ ਭਾਰੂ ਪੈ ਗਿਆ ਅਤੇ ਪੀ. ਏ. ਯੂ.-201 ਕਿਸਮ ਦੀ ਕਾਸ਼ਤ 'ਤੇ ਪਾਬੰਦੀ ਲਗਾ ਕੇ ਇਸ ਕਿਸਮ ਨੂੰ ਵਿਕਸਿਤ ਕਰਨ ਤੇ ਬਰੀਡਰਾਂ ਦੀ ਦਹਾਕਿਆਂ ਦੀ ਦਿਨ-ਰਾਤ ਦੀ ਮਿਹਨਤ 'ਤੇ ਪਾਣੀ ਫੇਰ ਦਿੱਤਾ। ਹੁਣ ਫਿਰ ਪੰਜਾਬ ਵਿੱਚ ਝੋਨੇ ਦੀ ਕਿਸਮ ਪੀ. ਆਰ.-126 ਲਈ ਰੇੜਕਾ ਖੜ੍ਹਾ ਕਰ ਲਿਆ ਗਿਆ ਹੈ।




ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਨਿਰਦੇਸ਼ਕ ਖੇਤੀਬਾੜੀ ਪੰਜਾਬ ਜਸਵੰਤ ਸਿੰਘ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕੁਝ ਵਿਗਿਆਨੀਆਂ ਨੇ ਕਿਹਾ ਕਿ ਬਿਨਾਂ ਸੋਚੇ-ਸਮਝੇ ਇੱਕ ਸਾਜ਼ਿਸ਼ ਤਹਿਤ ਇਸ ਕਿਸਮ ਦੀ ਆਲੋਚਨਾ ਕੀਤੀ ਜਾ ਰਹੀ ਹੈ, ਜਦੋਂਕਿ ਇਹ ਨਾ ਸਿਰਫ ਪੰਜਾਬ ਦੇ ਕਿਸਾਨਾਂ ਦੀ ਆਰਥਿਕਤਾ ਲਈ ਲਾਹੇਵੰਦ ਹੈ, ਸਗੋਂ ਇਹ ਪਾਣੀ ਦੇ ਕੁਦਰਤੀ ਸੋਮਿਆਂ ਅਤੇ ਵਾਤਾਵਰਨ ਲਈ ਵੀ ਬੇਹੱਦ ਸਹਾਈ ਹੈ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਝੋਨੇ ਦੀ ਪੀ. ਆਰ.-126 ਕਿਸਮ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਿਗਿਆਨੀਆਂ ਵੱਲੋਂ 2017 ਵਿੱਚ ਵਿਕਸਿਤ ਕੀਤੀ ਗਈ ਸੀ ਅਤੇ ਇਹ ਕਿਸਮ ਵਿਕਸਿਤ ਕੀਤੇ ਜਾਣ ਤੋਂ ਬਾਅਦ ਬਹੁਤ ਸਾਰੀਆਂ ਪਰਖ ਨਲੀਆਂ ਵਿੱਚੋਂ ਪਰਖੇ ਜਾਣ ਤੋਂ ਬਾਅਦ ਜਾਰੀ ਕੀਤੀ ਗਈ ਸੀ। ਨਿਰਦੇਸ਼ਕ ਖੇਤੀਬਾੜੀ ਜਸਵੰਤ ਸਿੰਘ ਨੇ ਕਿਹਾ ਕਿ ਇਹ ਕਿਸਮ ਘੱਟ ਸਮੇਂ ਵਿੱਚ ਵੱਧ ਪੈਦਾਵਾਰ ਦੇਣ ਵਾਲੀ ਹੈ, ਜਿਸ ਨਾਲ ਪਾਣੀ ਦੀ ਬਹੁਤ ਬੱਚਤ ਹੁੰਦੀ ਹੈ ਅਤੇ ਇਸ ਦੇ ਨਾਲ ਹੀ ਇਹ ਕਿਸਮ ਕਿਸਾਨਾਂ ਦੀ ਖੇਤੀ ਲਾਗਤ ਨੂੰ ਵੀ ਘਟਾਉਂਦੀ ਹੈ। ਯੂਨੀਵਰਸਿਟੀ ਦੇ ਇੱਕ ਸੀਨੀਅਰ ਵਿਗਿਆਨੀ ਨੇ ਕਿਹਾ ਕਿ ਸਮੱਸਿਆ ਪੀ. ਆਰ.-126 ਵਿੱਚ ਨਹੀਂ ਸਗੋਂ ਪੀ. ਆਰ.-126 ਦੇ ਨਾਂਅ 'ਤੇ ਵਿਕ ਰਹੇ ਨਕਲੀ ਬੀਜਾਂ ਦੀ ਹੈ, ਜਿਸ ਲਈ ਸਾਨੂੰ ਸਾਰਿਆਂ ਨੂੰ ਚੌਕੰਨੇ ਹੋਣ ਦੀ ਲੋੜ ਹੈ।

ਹਰਪ੍ਰੀਤ ਸਿੰਘ ਗਿੱਲ

RNI Regd. No. PUNPUN00806




# ਖੇਤੀ ਦੁਨੀਆਂ

ਵੱਲੋਂ

ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ

**ਚੰਦਿਆਂ 'ਤੇ ਵਿਸ਼ੇਸ਼ ਛੂਟ**

ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ

ਇੱਕ ਸਾਲ ਲਈ 500/- ਰੁਪਏ | ਦੋ ਸਾਲ ਲਈ 750/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਵਿਸ਼ੇਸ਼ ਆਫਰ

ਖੇਤੀ ਦੁਨੀਆਂ

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ

ਸਾਲਾਨਾ ਚੰਦਾ

ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info
KHETI DUNIYAN
An Exclusive Agril. Weekly

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com







# ਵਧ ਪੈਦਾਵਾਰ ਲਈ ਜ਼ਰੂਰੀ ਹੈ
# ਬੀਜ ਦੀ ਸੋਧ

**ਬੀਜ ਦੀ ਸੋਧ ਕਰਨਾ ਇਕ ਅਜਿਹਾ ਪਹਿਲੂ ਹੈ ਜੋ ਕਿ ਫਸਲ ਦੀ ਬਿਜਾਈ ਤੋਂ ਹੀ ਕਾਰਗਰ ਹੋ ਜਾਂਦਾ ਹੈ ਅਤੇ ਬਹੁਤ ਸਾਰੇ ਕੀੜੇ-ਮਕੌੜੇ ਜਾਂ ਬਿਮਾਰੀਆਂ ਤੋਂ ਫਸਲ ਨੂੰ ਸ਼ੁਰੂਆਤੀ ਸਮੇਂ ਤੋਂ ਲੈ ਕੇ ਕਈ ਵਾਰ ਅੰਤ ਤੱਕ ਬਚਾਉਂਦਾ ਹੈ । ਇਸ ਦੇ ਨਾਲ ਹੀ ਜੇਕਰ ਬੀਜ ਨੂੰ ਫਸਲ ਅਨੁਸਾਰ ਜੀਵਾਣੂੰ ਖਾਦ ਦਾ ਟੀਕਾ ਲਗਾ ਦਿੱਤਾ ਜਾਵੇ ਫੇਰ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ ।**

ਫਸਲਾਂ ਦੀ ਕਾਸ਼ਤ ਕਰਨ ਵੇਲੇ ਕਿਸਮਾਂ ਦੀ ਸਹੀ ਚੋਣ ਦੇ ਨਾਲ-ਨਾਲ ਬੀਜਣ ਤੋਂ ਲੈ ਕੇ ਵੱਢਣ ਤੱਕ ਅਪਣਾਏ ਗਏ ਕਾਸ਼ਤਕਾਰੀ ਢੰਗਾਂ ਦਾ ਫਸਲ ਦੀ ਕਾਰਗੁਜ਼ਾਰੀ ਉੱਪਰ ਸਿੱਧੇ ਤੌਰ 'ਤੇ ਅਸਰ ਪੈਂਦਾ ਹੈ । ਕਾਸ਼ਤਕਾਰੀ ਢੰਗ ਜਿਵੇਂ ਕਿ ਬੀਜ ਦੀ ਮਾਤਰਾ, ਬੀਜ ਸੋਧ, ਖਾਦ ਪ੍ਰਬੰਧਨ, ਨਦੀਨ ਪ੍ਰਬੰਧਨ, ਪਾਣੀ ਪ੍ਰਬੰਧਨ ਆਦਿ ਫਸਲ ਦਾ ਵਧੀਆ ਵਿਕਾਸ ਹੀ ਨਹੀਂ ਸਗੋਂ ਚੰਗੀ ਪੈਦਾਵਾਰ ਪ੍ਰਾਪਤ ਕਰਨ ਲਈ ਵੀ ਅਹਿਮ ਅਤੇ ਵਿਲੱਖਣ ਯੋਗਦਾਨ ਪਾਉਂਦੇ ਹਨ । ਇਹਨਾਂ ਕਾਸ਼ਤਕਾਰੀ ਢੰਗਾਂ ਵਿਚੋਂ ਬੀਜ ਦੀ ਸੋਧ ਕਰਨਾ ਇਕ ਅਜਿਹਾ ਪਹਿਲੂ ਹੈ ਜੋ ਕਿ ਫਸਲ ਦੀ ਬਿਜਾਈ ਤੋਂ ਹੀ ਕਾਰਗਰ ਹੋ ਜਾਂਦਾ ਹੈ ਅਤੇ ਬਹੁਤ ਸਾਰੇ ਕੀੜੇ-ਮਕੌੜੇ ਜਾਂ ਬਿਮਾਰੀਆਂ ਤੋਂ ਫਸਲ ਨੂੰ ਸ਼ੁਰੂਆਤੀ ਸਮੇਂ ਤੋਂ ਲੈ ਕੇ ਕਈ ਵਾਰ ਅੰਤ ਤੱਕ ਬਚਾਉਂਦਾ ਹੈ। ਇਸ ਦੇ ਨਾਲ ਹੀ ਜੇਕਰ ਬੀਜ ਨੂੰ ਫਸਲ ਅਨੁਸਾਰ ਜੀਵਾਣੂੰ ਖਾਦ ਦਾ ਟੀਕਾ ਲਗਾ ਦਿੱਤਾ ਜਾਵੇ ਫੇਰ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ । ਹਾੜ੍ਹੀ ਰੁੱਤ ਦੌਰਾਨ ਮੁੱਖ ਤੌਰ 'ਤੇ ਕਣਕ ਅਤੇ ਬਹਾਰ ਰੁੱਤ ਦੌਰਾਨ ਮੱਕੀ ਅਤੇ ਗਰਮ ਰੁੱਤ ਦੌਰਾਨ ਮੂੰਗੀ ਦੀ ਕਾਸ਼ਤ ਕਿਸਾਨ ਵੀਰਾਂ ਵੱਲੋਂ ਕੀਤੀ ਜਾਂਦੀ ਹੈ, ਜਿਹਨਾਂ ਵਿਚ ਸਾਨੂੰ ਬਿਜਾਈ ਸਮੇਂ ਬੀਜ ਦੀ ਸੋਧ ਯਕੀਨੀ ਬਣਾਉਣੀ ਚਾਹੀਦੀ ਹੈ । ਕਣਕ ਦੀ ਫਸਲ ਨੂੰ ਸਿਉਕਿ ਤੋਂ ਬਚਾਉਣ ਲਈ ਡਬਸਬਾਨ/ਰੂਬਾਨ/ਡਰਮੈਟ 20 ਈ ਸੀ (ਕਲੋਰਪਾਈਰੀਫਿਸ) 4 ਮਿ.ਲੀ. ਜਾਂ 1 ਕਰੂਜ਼ਰ 70 ਡਬਲਯੂ ਐਸ (ਥਾਇਆਮੀਥਿਕਸਮ) 1 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੀਤੀ ਜਾ ਸਕਦੀ ਹੈ । ਡਬਸਬਾਨ/ਰੂਬਾਨ/ਡਰਮੈਟ 20 ਈ ਸੀ (ਕਲੋਰਪਾਈਰੀਫਿਸ) ਨਾਲ ਬੀਜ ਸੋਧ ਕਰਨ ਵੇਲੇ ਬੀਜ ਨੂੰ ਕਿਸੇ ਪੱਲੀ ਜਾਂ ਤਰਪਾਲ ਤੇ ਵਿਛਾ ਕੇ ਸਪਰੇਅ ਪੰਪ ਨਾਲ ਦਵਾਈ ਛਿੜਕ ਕੇ ਬੀਜ ਸੋਧ ਕੀਤੀ ਜਾਵੇ ਕਿਉਂਕਿ ਜੇਕਰ ਨਿਰੀ ਦਵਾਈ ਨੂੰ ਬੀਜ ਉੱਪਰ ਡੋਲ੍ਹ ਕੇ ਸੋਧ ਕੀਤੀ ਜਾਂਦੀ ਹੈ ਤਾਂ 80 ਗ੍ਰਾਮ ਵੀਟਾਵੈਕਸ 75 ਡਬਲਯੂ ਪੀ (ਕਾਰਬੋਕਸਿਨ) 40 ਗ੍ਰਾਮ ਜਾਂ ਵੀਟਾਵੈਕਸ ਪਾਵਰ 75 ਡਬਲਯੂ ਐਸ (ਕਾਰਬੋਕਸਿਨ + ਟੈਟਰਾਮੀਥਾਈਲ + ਥਾਈਯੂਰਮਡਾਈਸਲਫਾਈਡ) 120 ਗ੍ਰਾਮ ਪ੍ਰਤੀ 40 ਕਿਲੋ ਬੀਜ ਜਾਂ ਰੈਕਸਲ ਈ ਜੀ/ਓਰੀਅਸ 6 ਐਫ ਐਸ (ਟੈਬੂਕੋਨਾਜ਼ੋਲ) 13 ਮਿ. ਲੀ. ਨੂੰ 400 ਮਿ.ਲੀ. ਪਾਣੀ ਵਿਚ ਘੋਲ ਕੇ ਪ੍ਰਤੀ 40 ਕਿਲੋ ਬੀਜ ਦੇ ਹਿਸਾਬ ਨਾਲ ਬੀਜ ਸੋਧ ਕਰ ਸਕਦੇ ਹਾਂ । ਇਸ ਤੋਂ ਇਲਾਵਾ ਨਿਉਨਿਕਸ 20 ਐਫ ਐਸ (ਇਮਿਡਾਕਲੋਪਰਿਡ + ਹੈਕਸਾਕੋਨਾਜ਼ੋਲ), ਜੋ ਕਿ ਉੱਲੀਨਾਸ਼ਕ ਅਤੇ ਕੀਟਨਾਸ਼ਕ ਦਾ ਮਿਸ਼ਰਣ ਹੈ, ਨਾਲ ਵੀ 2 ਮਿ.ਲੀ. ਪ੍ਰਤੀ ਕਿਲੋ ਬੀਜ ਦੇ ਹਿਸਾਬ ਬੀਜ ਸੋਧ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਇਹਨਾਂ ਦਵਾਈਆਂ ਨਾਲ ਕਣਕ ਦੇ ਬੀਜ ਨੂੰ ਸੋਧਣ ਤੋਂ 6 ਘੰਟੇ ਬਾਅਦ ਕਨਸ਼ੋਰਸ਼ੀਅਮ ਜੀਵਾਣੂੰ ਖਾਦ 500 ਗ੍ਰਾਮ ਪ੍ਰਤੀ 40 ਕਿਲੋ ਦੇ ਹਿਸਾਬ ਨਾਲ 1 ਲਿਟਰ ਪਾਣੀ ਵਿਚ ਘੋਲ ਕੇ ਬੀਜ ਨੂੰ ਲਾਓ । ਬੀਜ ਨੂੰ ਸੋਧਣ ਉਪਰੰਤ ਛਾਵੇਂ ਸੁਕਾ ਕੇ ਬਿਜਾਈ ਕਰ ਦੇਣੀ ਚਾਹੀਦੀ ਹੈ। ਬਹਾਰ ਰੁੱਤ ਦੀ ਮੱਕੀ ਦੇ ਜੰਮਣ ਉਪਰੰਤ ਛੋਟੀ ਉਮਰ ਦੇ ਬੂਟਿਆਂ ਤੇ ਸ਼ਾਖ ਦੀ ਮੱਖੀ ਹਮਲਾ ਕਰਦੀ ਹੈ ਜਿਸ ਨਾਲ ਬੂਟਿਆਂ ਦੀ ਗਿਣਤੀ ਘਟਦੀ ਹੈ ਅਤੇ ਝਾੜ ਦਾ ਨੁਕਸਾਨ ਹੁੰਦਾ ਹੈ । ਸ਼ਾਖ ਦੀ ਮੱਖੀ ਤੋਂ ਬਚਾਅ ਲਈ ਮੱਕੀ ਦੇ ਬੀਜ ਨੂੰ ਗਾਚੋ 600 ਐਫ ਐਸ (ਇਮੀਡਾਕਲੋਪਰਿਡ) 6 ਮਿ.ਲਿ. ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਬੀਜ ਦੀ ਸੋਧ ਕਰਨੀ ਚਾਹੀਦੀ ਹੈ । ਗਰਮ ਰੁੱਤ ਦੀ ਮੂੰਗੀ ਵਿਚ ਬੀਜ ਦੀ ਸੋਧ ਮਿਸ਼ਰਿਤ ਜੀਵਾਣੂੰ ਖਾਦ ਦੇ ਟੀਕੇ (ਰਾਈਜ਼ੋਬੀਅਮ ਐਲ ਐਸ ਐਮ ਆਰ-1 ਅਤੇ ਰਾਈਜ਼ੋਬੈਕਟੀਰੀਅਮ ਆਰ ਬੀ-3) ਨਾਲ ਕਰਨੀ ਚਾਹੀਦੀ ਹੈ । ਇਕ ਏਕੜ ਦੇ ਬੀਜ ਨੂੰ ਲਗਭਗ 300 ਮਿ.ਲੀ. ਪਾਣੀ ਨਾਲ ਗਿੱਲਾ ਕਰਕੇ ਜੀਵਾਣੂੰ ਖਾਦ ਦੇ ਇਕ ਪੈਕੇਟ ਨੂੰ ਬੀਜ ਨਾਲ ਚੰਗੀ ਝੱਸਣ ਉਪਰੰਤ ਛਾਵੇਂ ਸੁਕਾਓ । ਟੀਕੇ ਨਾਲ ਬੀਜ ਸੋਧਣ ਤੋਂ ਇਕ ਘੰਟੇ ਦੇ ਅੰਦਰ ਫਸਲ ਦੀ ਬਿਜਾਈ ਕਰ ਦੇਣੀ ਚਾਹੀਦੀ ਹੈ ।




BEW | KSA

ਕਿਸਾਨ ਖੁਸ਼ਹਾਲ
ਤਾਂ ਦੇਸ਼ ਖੁਸ਼ਹਾਲ

4 IN 1 COMBO
BEW ਸੁਪਰ ਸੀਡਰ




- ਲੋਨ ਉਪਲੱਬਧ
- ਸਬਸਿਡੀ ਉਪਲੱਬਧ
- ਬੁਕਿੰਗ ਸ਼ੁਰੂ
- ਪਾਊਡਰ ਕੋਟਿੰਗ ਪੇਂਟ
- ਪੇਟੇਂਟ ਡਿਜਾਇਨ

TOLL FREE NUMBER 1800-120-004455

- KS AGROTECH PVT. LTD.
- BHAGWAN ENGINNERING WORKS
- KS POWERTECH PVT. LTD.
- KS AGRICULTURAL INDUSTRIES PVT. LTD.

Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co